ੴ ਵਾਹਿਗੁਰੂ ਜੀ ਕੀ ਫ਼ਤਹ

ਮਾਸਿਕ ਪੱਤਰ

# ਸੂਰਾ

ਲੁਧਿਆਣਾ

ਅਗਸਤ 2000

SURA Monthly
LUDHIANA
AUGUST 2000



**ਸ਼੍ਰੀ ਗੁਰੂ ਗ੍ਰੰਥ ਸਾਹਿਬ ਭਵਨ (ਸ੍ਰੀ ਰਾਮ ਸਰਸਾਹਿਬ) ਅੰਮ੍ਰਿਤਸਰ**

ਇਸ ਅਸਥਾਨ ਤੇ ਪੰਚਮ ਪਾਤਸ਼ਾਹ ਨੇ ਪਹਿਲੇ ਗੁਰੂ ਸਾਹਿਬਾਨ, ਆਪਣੀ ਅਤੇ ਭਗਤਾਂ ਦੀ ਬਾਣੀ ਨੂੰ ਲੜੀਦਾਰ ਸੰਪਾਦਿਤ ਕਰ, ਭਾਈ ਗੁਰਦਾਸ ਜੀ ਪਾਸੋਂ 'ਆਦਿ ਗ੍ਰੰਥ' ਦੀ ਬੀੜ ਤਿਆਰ ਕਰਵਾਈ। 16 ਅਗਸਤ 1604 ਈਸਵੀ ਨੂੰ ਇਸ ਬੀੜ ਦਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹਿਲੀ ਵਾਰ ਪ੍ਰਕਾਸ਼ ਕੀਤਾ ਗਿਆ।

www.AKJ.Org

## ਅਖੰਡ ਕੀਰਤਨੀ ਜੱਥਾ ਯੂ.ਕੇ. ਵੱਲੋਂ ਪੰਚਮ ਪਾਤਸ਼ਾਹ ਦੇ ਸ਼ਹੀਦੀ ਪੁਰਬ ਅਤੇ ਹੋਰ ਸਮੂਹ ਸ਼ਹੀਦਾਂ ਦੀ ਯਾਦ ਵਿਚ ਕਰਵਾਏ ਗਏ ਰੈਣਿ ਸਬਾਈ ਕੀਰਤਨ ਦੀਆਂ ਝਲਕਾਂ।





(ਉਪਰ) ਭਾਈ ਕੁਲਵੰਤ ਸਿੰਘ ਪਾਉਂਟਾ ਸਾਹਿਬ ਵਾਲੇ ਸਾਥੀਆਂ ਸਮੇਤ ਕੀਰਤਨ ਦੀ ਹਾਜ਼ਰੀ ਭਰਦੇ ਹੋਏ
(ਹੇਠਾਂ) ਸਮਾਗਮ ਵਿਚ ਹਾਜ਼ਰੀ ਭਰ ਰਹੀਆਂ ਭਾਰੀ ਗਿਣਤੀ ਵਿਚ ਸੰਗਤਾਂ ਦਾ ਸਮੂਹ

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

# ਸੂਰਾ

ਮਾਸਿਕ ਪੱਤਰ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

*** Read SURA at Internet : www.surainternational.com ***

ਜਿਲਦ ੩੪ ਅਗਸਤ ੨੦੦੦ ਅੰਕ ੮

## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | |
|---|---|
| ਮੇਲਾ ਬਾਬਾ ਬਕਾਲਾ | ੧੫ ਅਗਸਤ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ | ੩੦ ਅਗਸਤ |
| ਗੁਰਿਆਈ ਸ੍ਰੀ ਗੁਰੂ ਅਰਜਨ ਦੇਵ ਜੀ | ੩੧ ਅਗਸਤ |

## ਚੰਦਿਆਂ ਦਾ ਵੇਰਵਾ

| | | |
|---|---|---|
| ਦੇਸ਼ ਸਾਲਾਨਾ | | 40 ਰੁ: |
| ਅਮਾਨਤੀ ਲਾਈਫ਼ ਮੈਂਬਰ : | | 400ਰੁ: |
| ਵਿਦੇਸ਼ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 140ਰੁ: | 400ਰੁ: |
| ਅਮਾਨਤੀ ਲਾਈਫ਼ ਮੈਂਬਰ | 1400ਰ: | 4000ਰੁ: |

## ਚੰਦਾ ਭੇਜਣ ਦਾ ਪਤਾ

ਸੂਰਾ ਮਾਸਿਕ ਪੱਤਰ ਗੁ: ਸਿੰਘ ਸਭਾ
ਮਾਡਲ ਟਾਊਨ, ਲੁਧਿਆਣਾ-141002
Tel : 0161-428194
Fax : 0161-536340, 532147

ਸੂਰਾ ਪੱਤਰ ਵਿਚ ਛਪੇ ਵਿਚਾਰਾਂ ਨਾਲ ਸੂਰਾ ਪਰਿਵਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ (ਇੰਡੀਆ)
ਡੀ-੯੩, ਬਲਾਕ-16, ਪਾਹਵਾ ਰੋਡ, ਲੁਧਿਆਣਾ 141 003

## ਤਤਕਰਾ


- ਮਾਨ ਪ੍ਰਤਿਸ਼ਟਾ ਦਾ ਚਸਕਾ ........ ੨
- ਗੁਰਮਤਿ ਉਦਾਸੀਨਤਾ ........ ੪
- ਗੁਰਸਿੱਖ ਬੀਬੀਆ ਤੇ ਰੱਖੜੀ ........ ੮
- ਪੰਚ ਜਨ ........ ੧੦
- ਖਾਲਸਈ ਲੰਗਰ ਅਤੇ ਅਕਾਲੀ ਬਾਣਾ ........ ੧੧
- ਰੱਬੀ ਕਾਰੀਗਰੀ ........ ੧੬
- ਫਾਸੀ ਤੇ ਤਖਤੇ ਤੇ ਛੇ ਬੱਬਰਾਂ ਦੀ ਸ਼ਹੀਦੀ ........ ੨੨
- ਧਰਮੀ ਪੁਰਸ਼ਾਂ ਦੇ ਲੱਛਣ ........ ੨੪
- ਕਰਨਲ ਦਲਜੀਤ ਸਿੰਘ ਮਿੱਠਾਪੁਰ ........ ੨੯
- Guru Granth Sahib ........ ੩੨
- ਅਗਸਤ ਮਹੀਨੇ ਦੀਆਂ ਸਿੱਖ ਘਟਨਾਵਾਂ ........ ੩੪
- ਸਲੋਕ ਭਗਤ ਕਬੀਰ ਜੀਉ ਕੇ (Translation) ........ ੩੫
- ਗੁਰਮਤਿ ਕਰਮ ਫਿਲਾਸਫੀ ........ ੩੬
- Open letter to Sikh Sansat and RSS ........ ੩੮
- ਸੇਵਾਦਾਰਾਂ ਦੀ ਸੂਚੀ ........ ੩੯
- ਆਉਣ ਵਾਲੇ ਕੀਰਤਨ ਸਮਾਗਮ ........ ੪੦


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।

# ਮਾਨ ਪ੍ਰਤਿਸ਼ਟਾ ਦਾ ਚਸਕਾ

(ਭਾ: ਸਾ: ਭਾ: ਰਣਧੀਰ ਸਿੰਘ ਜੀ )

ਹਉਮੈ ਰਹਿਤ ਹੋ ਕੇ ਨਾਮ ਜਪਣਾ ਫਲਦਾਇਕ ਹੈ। ਏਸ ਅੰਮ੍ਰਿਤ ਨਾਮ ਨੂੰ ਅੰਮ੍ਰਿਤ-ਫਲ ਹੀ ਲਗਣਾ ਹੈ, ਦੁਤੀਆ ਭਾਵ ਵਾਲਾ ਕਾਮਨਾ ਅਰਥ ਸਰੇਵਿਆ ਦੁਰਗੰਧੀ ਫਲ ਨਹੀਂ ਲਗਣਾ।

ਪੰਥ-ਉਨਤੀ ਦੀ ਅੰਧਾ ਧੁੰਦ ਦੌੜ ਅੰਦਰ ਅਸਾਡੇ ਪੰਥ-ਸੇਵਕਾਂ ਦੀ ਸੇਵਾ ਨੂੰ ਇਹੋ ਜਿਹੇ ਫਲ ਅੱਜ-ਕਲ੍ਹ ਲਗਦੇ ਹਨ, ਜੋ ਅੰਗੂਰ ਇਸ ਸੇਵਾ ਦੇ ਫਲਦੇ ਹਨ, ਉਹ ਅੰਮ੍ਰਿਤ ਫਲ ਨਹੀਂ, ਸਗੋਂ ਉਹ ਅੰਮ੍ਰਿਤ ਫਲ ਵਾਲੀ ਅੰਮ੍ਰਿਤ-ਕਲਾ ਤੋਂ ਘੁਥੇ ਅਤੇ ਅੰਮ੍ਰਿਤੀ ਅੰਗੂਰ ਤੋਂ ਘੁਥੇ ਹੋਏ ਹੁੰਦੇ ਹਨ, ਕਿਉਂਕਿ ਨਾਮ ਦਾ ਨਿਰਣਾ-ਬਿਉਂਹਾਰ ਉਥੇ ਨਹੀਂ ਹੁੰਦਾ। ਜਿਥੇ ਵੇਖੋ, ਹਉਮੈ ਦਾ ਬਾਜ਼ਾਰ ਗਰਮ ਹੈ। ਜਿਥੇ ਦੇਖੋ, ਨਾਮ ਦੀ, ਸੱਚੇ ਨਾਮ ਦੀ ਕੀਰਤੀ, ਨਾਮ ਦਾ ਜਸ, ਨਾਮ ਦੀ ਮਹਿਮਾ ਦਾ ਸੱਚਾ ਸੌਦਾ ਅੱਵਲ ਤਾਂ ਹੁੰਦਾ ਹੀ ਨਹੀਂ, ਜੇ ਹੁੰਦਾ ਹੈ ਤਾਂ ਉਹ ਐਵੇਂ ਨਾਮ ਮਾਤ੍ਰ ਅਤੇ ਫੋਕੀ ਰਸਮ ਅਤੇ ਫੈਸ਼ਨ ਪੂਰਬਕ। ਅਸਾਡੇ ਦੀਵਾਨਾਂ ਅੰਦਰ, ਅਖੰਡ ਕੀਰਤਨ ਅਤੇ ਨਾਮ ਜਪਾਵਣ ਤੇ ਨਾਮ ਦ੍ਰਿੜ੍ਹਾਵਣ ਦੇ ਅਨੰਦ ਮੰਗਲ ਵਾਲਾ ਲਾਹਾ ਤਾਂ ਮੂਲੋਂ ਹੀ ਨਹੀਂ। ਅਤੇ ਹੁੰਦਾ ਕੀ ? ਯਾ ਤਾਂ ਕੋਈ ਲੀਡਰੀ ਦਾ ਸਿਰੋਪਾਉ ਲੈ ਕੇ ਆਪਣੀ ਸੋਭਾ ਹਿਤ ਰੰਗ-ਬਰੰਗੇ ਤਾਲ ਪੂਰਦਾ ਹੈ, ਯਾ ਕੋਈ ਲੈਕਚਰਬਾਜ਼ੀ ਕਰ ਕੇ ਆਪਣੀ, ਆਪਣੇ ਨਾਉਂ ਦੀ ਮਹਿਮਾ ਵਧਾਉਂਦਾ ਹੈ। ਇਕ ਅਲਾਹੁਣੀਆਂ ਦਿੰਦਾ ਹੈ, ਦੂਜਾ ਲੈਂਦ ਹੈ। ਕੋਈ ਰੁਪਈਆਂ ਦੇ ਗੀਤੇ ਅੰਬਰ ਦੇਸ ਪ੍ਰਦੇਸੀ ਫਿਰ ਕੇ ਭਰ ਲਿਆਉਣ ਨੂੰ ਵੀ ਕੁਰਬਾਨੀ ਸਮਝੀ ਬੈਠਾ ਹੈ। ਜਿਥੇ ਦੇਖੋ ਆਪਣੇ ਨਿਜ ਨਾਮ ਦੀ ਸੋਭਾ ਦੀ ਗਾਹਕੀ ਦੇ ਸੌਦੇ ਹੁੰਦੇ ਹਨ। ਏਸ ਨੂੰ ਕੁਰਬਾਨੀ ਕਹਿਣਾ ਹੀ ਕੁਰਬਾਨੀ ਪਦ ਦਾ ਘਾਤ ਕਰਨਾ ਹੈ। ਇਹ ਆਪਾ ਵਾਰਨਾ ਨਹੀਂ, ਆਪਾ ਵਧਾਉਣਾ ਅਤੇ ਆਪੇ ਦਾ ਸਹੇੜਨਾ ਹੈ। ਇਸ ਆਪਾ-ਪ੍ਰਸਤੀ ਹਿਤ ਕਈ ਆਪਾ ਭਾਵ ਦੀ ਉਪਾਸਨਾ ਅਤੇ ਨਿਜ ਨਾਮ ਦੀ ਮਸ਼ਹੂਰੀ ਦੇ ਲੋਚਕਾਂ ਨੇ ਆਪਣੇ ਧਨ ਧਾਮ ਅਤੇ ਘਰ ਘਾਟ ਨੂੰ ਹੋਮ ਦੇਣੋਂ ਭੀ ਨਹੀਂ ਸੰਕੋਚਿਆ, ਪਰ ਕਿਸ ਲੇਖੇ ? ਨਿਰਾ ਆਪਣਾ ਅਭਿਮਾਨ ਹੀ ਵਧਾਇਆ। ਆਪਣਾ ਮਾਨ ਪ੍ਰਤਿਸ਼ਟਾ ਦੀ ਗਾਹਕੀ ਦਾ ਹੀ ਸੌਦਾ ਕੀਤਾ।

ਪਰ ਇਹ ਮਾਨ ਪ੍ਰਤਿਸ਼ਟਾ ਦਾ ਚਸਕਾ ਜਿਸ ਨੂੰ ਪੈ ਗਿਆ, ਮਾਨੋ ਉਹ ਨਾਮ ਵਲੋਂ, ਪ੍ਰਮਾਰਥ ਵਲੋਂ, ਪ੍ਰਮਾਰਥ ਦੀ ਉਚ ਅਵਸਥਾ ਵਲੋਂ ਰੁੜ੍ਹ ਗਿਆ। ਅਤੇ ਰੁੜ੍ਹ ਕੇ ਰਸਾਤਲ ਵਿਚ ਪੈ ਗਿਆ। ਏਸ ਮਾਣ ਨੇ ਅਨੇਕਾਂ ਘਰ ਗਾਲੇ ਹਨ, ਅਨੇਕਾਂ ਦਾ ਖੈ ਕੀਤਾ ਹੈ, ਜੈਸਾ ਕਿ ਇਹ ਗੁਰਵਾਕ ਦਸਦਾ ਹੈ :-

ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥੧੫੬॥ (ਪੰਨਾ ੧੩੭੨)

ਪਰ ਸ਼ੋਕ ਕਿ ਹੁਣ ਗੁਰੂ ਘਰ ਵਿਖੇ ਭੀ ਮਾਣ ਹੋਰਾਂ ਨੇ ਡੇਰੇ ਆ ਜਮਾਏ ਹਨ। ਗੁਰੂ ਘਰ ਦੇ ਪ੍ਰੇਮੀ ਅਤੇ ਮੋਹਰੀ ਸਦਾਉਣ ਵਾਲੇ ਏਸ ਮਾਣ ਦਾ ਸ਼ਿਕਾਰ ਹੋ ਰਹੇ ਹਨ, ਜੋ ਨਿਰਾ ਹਉਮੈ ਰੋਗ ਹੈ। ਅਸਲ ਗੱਲ ਇਹ ਹੈ ਕਿ ਮਾਣ ਪ੍ਰਤਿਸ਼ਟਾ ਦੇ ਖਰੀਦਦਾਰ ਗੁਰੂ ਘਰ ਦੇ ਪੋਤੇਦਾਰ ਹੀ ਨਹੀਂ। ਉਨ੍ਹਾਂ ਨੂੰ ਗੁਰੂ ਘਰ ਦੇ ਪਵਿਤਰ ਅਸੂਲਾਂ ਨੇ ਪੋਹਿਆ ਹੀ ਨਹੀਂ, ਕਿਉਂਕਿ ਗੁਰੂ ਘਰ ਦਾ ਪਰਮ ਅਸੂਲ, ਪੂਰਕ ਧਰਮ ਨਾਮ ਹੀ ਹੈ ਅਤੇ ਮਾਣ ਵਾਲਾ ਸਉਦਾ, ਨਾਮ ਤੋਂ ਐਨ ਉਲਟ ਹੈ। ਐਥੋਂ ਤਾਈਂ ਕਿ 'ਮਾਨ' ਅਤੇ 'ਨਾਮ' ਪਦਾਂ ਦਾ ਹੀ ਪਰਸਪਰ ਵਿਰੋਧ ਹੈ।

'ਮਾਨ' ਪਦ ਨੂੰ ਉਲਟਾਵੋ ਤਾਂ 'ਨਾਮ' ਪਦ ਬਣਦਾ ਹੈ 'ਨਾਮ' ਪਦ ਨੂੰ ਉਲਟਾਵੋ ਤਾਂ 'ਮਾਨ' ਬਣਦਾ ਹੈ। "ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ" ਵਾਲਾ ਗੁਰਵਾਕ ਅੱਖਰ ਅੱਖਰ ਪਰਖੇ ਤੋਂ ਕੇਵਲ ਇਹ ਸਿਧ ਹੁੰਦਾ ਹੈ ਕਿ 'ਮਾਨ' ਅਰਥਾਤ 'ਹਉਮੈ' ਅਤੇ 'ਨਾਮ' ਦੋਇ ਇਕ ਠਾਇ ਨਹੀਂ ਵੱਸ ਸਕਦੇ। ਗੁਰੂ ਘਰ ਦੇ ਸਿੱਖ ਸਦਾ ਕੇ ਭੀ ਮਾਣ, ਅਰਥਾਤ ਹਉਮੈ-ਰੰਗ ਵਿਚ ਮਸਤ ਰਹਿਣਾ, ਕੀ ਸਿੱਖੀ ਨੂੰ ਅਤੇ ਗੁਰੂ ਘਰ ਨੂੰ ਕਲੰਕਤ ਕਰਨਾ ਨਹੀਂ ? ਕਿਉਂਕਿ ਸਿੱਖ ਜੋ ਹਨ, ਸੋ ਨਾਮ ਦੇ ਵਪਾਰੀ ਹਨ। ਨਾਮ ਦੇ, ਨਾਮ ਜੈਸੇ ਸਤ ਪਦਾਰਥ ਦੇ ਵਪਾਰੀ ਸਦਾ ਕੇ ਹਉਮੈ ਦੇ ਹੋਛੇ ਪਦਾਰਥਾਂ ਦਾ ਹੋਛਾ ਵਪਾਰ ਗੁਰਸਿਖਾਂ


www.AKJ.Org

ਨੂੰ ਕਦੇ ਫਬ ਸਕਦਾ ਹੈ ? ਏਸ ਹਉਮੈ ਰੋਗ ਦੀ ਚਮੇੜਂ ਓਦੋਂ ਤਾਈਂ ਚਿੰਬੜੀ ਹੋਈ ਜਾਣੋ, ਜਦ ਤੀਕ ਹਉਮੈ ਰੋਗ ਦਾ ਅਭਾਵ, ਅਰਥਾਤ ਨਸ਼ਟ ਨਹੀਂ ਹੋ ਜਾਂਦਾ ਅਤੇ ਨਾਮ ਦੀ ਲਿਵਲੀਨਤਾ ਪ੍ਰਾਪਤ ਨਹੀਂ ਹੁੰਦੀ-

ਜਬ ਇਹ ਜਾਨੈ ਮੈ ਕਿਛੁ ਕਰਤਾ॥ ਤਬ ਲਗੁ ਗਰਭ ਜੋਨਿ ਮਹਿ ਫਿਰਤਾ॥ ੪॥੧੨॥

(ਗ: ਸੁਖਮਨੀ ਮ: ੫, ਪੰਨਾ ੨੭੮)

ਪੰਥ ਦੇ ਸਿਰਕਢ ਮੁਖੀਆ ਨੂੰ ਜੋ ਲੋਗਾਂ ਵਲੋਂ ਅਲਾਹੁਣੀਆਂ ਮਿਲਦੀਆਂ ਹਨ ਇਹ ਕੇਵਲ ਹਉਮੈ ਦੀਆਂ ਭਵਾਟਣੀਆਂ ਹਨ, ਜੋ ਅੰਤ ਨੂੰ ਰਸਾਤਲ ਵਿਚ ਸਿਟਣ ਵਾਲੀਆਂ ਹਨ। ਇਨ੍ਹਾਂ ਅਲਾਹੁਣੀਆਂ ਮਈ ਵਡਿਆਈਆਂ ਦੇ ਲੈਣ ਦੇਣਹਾਰੀਆ ਦੋਹਾਂ ਧਿਰਾਂ ਨੂੰ ਗੁਰੂ ਸਾਹਿਬ ਨੇ ਬਾਉਣੇ ਅਤੇ ਨਿਰਲੱਜ ਕਿਹਾ ਹੈ ਜੈਸਾ ਕਿ ਇਸ ਗੁਰਵਾਕ ਤੋਂ ਸਿੱਧ ਹੈ। ਜਥਾ ਗੁਰਵਾਕ

ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥

ਚੂਹਾ ਖਡ ਨ ਮਾਵਈ ਤਿਕਲਿ ਬੰਨੈ ਛਜ॥੧॥੧੯॥ (ਪੰਨਾ ੧੨੮੬)

ਇਹ ਹੋਛਾ ਮਾਣ ਤਾਂ ਅਗੇ ਹੀ ਹਉਮੈ ਦੇ ਅਫਰੇਵੇਂ ਵਿਚ ਆਫਰਿਆ ਫਿਰਦਾ ਰਹਿੰਦਾ ਹੈ। ਜਦ ਇਸ ਚੂਹੇ ਸਾਰਖੇ ਹਉਮੈਂ ਦੀ ਬਿਲ (ਖੁੱਡ) ਵਿਚ ਗਰਭਣ ਵਾਲੇ ਹੋਛੇ ਮਨੁੱਖ ਦੀ ਹੋਛੀ ਕਰਣੀ ਰੂਪੀ ਪੂਛ ਨੂੰ ਅਣਹੋਈ ਵਡਿਆਈ ਦਾ ਛੱਜ ਬਣ ਗਿਆ, ਤਦ ਤਾਂ ਏਸ ਨੇ ਆਪਣੇ ਆਪ ਵਿਚ ਕਿਥੇ ਮੇਵਣਾ ਹੈ, ਸਗੋਂ ਦੂਣਾ ਫੂਲ ਫੂਲ ਕੇ ਅਫਰੇਵਾ ਚੜ੍ਹਾਊ। ਗੁਰਮਤਿ ਵਿਚ ਏਸ ਅਫਰੇਵੇਂ ਨੇ ਸਗੋਂ ਲਹਿਣਾ ਸੀ। ਗੁਰਮਤਿ ਦੇ ਗ੍ਰਹਿਣ ਕੀਤਿਆਂ ਏਸ ਅਫਰੇਵੇਂ ਤੋਂ ਬੰਦ ਖਲਾਸੀ ਹੋਣੀ ਸੀ। ਜ਼ਰਾ ਮਨ ਵਿਚ ਕੰਘੀ ਮਾਰ ਕੇ ਤਾਂ ਵੇਖੋ, ਜ਼ਰਾ ਆਪੋ ਆਪਣੇ ਮੰਜੇ ਹੇਠ ਲਾਠੀ ਫੇਰ ਕੇ ਤਾਂ ਵੇਖੋ ਕਿ ਇਸ ਅਫਰੇਵੇਂ ਤੋਂ ਅਗੇ ਨਾਲੋਂ ਕੁਝ ਸੁਬੇਹਤਾ ਭੀ ਹੋਇਆ ਹੈ ਕਿ ਰੋਜ਼ ਰੋਜ਼ ਇਹ ਅਸਾਧ ਰੋਗ ਵਧਦਾ ਹੀ ਜਾਂਦਾ ਹੈ? ਜੇ ਕੁਝ ਸੁਬੇਹਤਾ ਨਹੀਂ ਹੋਇਆ ਅਤੇ ਅਗੇ ਨਾਲੋਂ ਸਗੋਂ ਔਖਧ-ਹੀਨ ਹਾਲ ਹੁੰਦਾ ਜਾਂਦਾ ਹੈ ਤਾਂ ਸਮਝ ਲਵੋ ਕਿ ਨਾਮ ਦੀ ਪੁੜੀ ਅੰਦਰ ਨਹੀਂ ਲੰਘੀ। ਕੇਵਲ ਕੁਰਲੀਆਂ ਕਰਨ ਨਾਲ ਰੋਗ ਕਿਵੂੰ ਜਾਵੇ? ਇਹ ਪੁੜੀ ਅੰਦਰ ਲੰਘੇ ਕਿਵੂੰ, ਜਦ ਕਿ ਆਪਣੀ ਉਪਮਾ ਕਰਾਉਣ ਦੇ ਸੁਆਦ ਪਏ ਹੋਏ ਹੋਣ ਅਤੇ ਨਾਮ-ਰਸ ਨੂੰ ਚਖਣਾ ਅਲੂਣੀ ਸਿੱਲ ਦਾ ਚੱਟਣਾ, ਅਥਵਾ ਬਿਰਥੀ ਕਾਰ ਭਾਸਦਾ ਹੈ। ਇਸ ਅਲੂਣੀ ਸਿਲ ਚੱਟੀ ਦਾ ਸੁਆਦ ਬਿਖੇ ਰਸਾ ਦੇ ਛੱਡੇ ਬਿਨਾਂ ਆਉਣਾ ਨਾ ਹੋਇਆ। ਤਾਂ ਤੇ ਹਉਮੈਂ ਰੋਗ ਦੇ ਮਾਤਰ ਪੁਰਸ਼ਾਂ ਦੀ ਹਉਮੈਂ ਦਾ ਇਲਾਜ, ਹਉਮੈ ਦੇ ਛੱਡਣ ਵਿਚ ਅਤੇ ਹਉਮੈਂ ਰਹਿਤ ਹੋ ਕੇ ਨਾਮ ਦੇ ਗਟਾਕ ਰਸ ਭੁੰਚਣ ਵਿਚ ਹੈ, ਐਵੇਂ ਨਹੀਂ, ਕਿਉਂਕਿ -

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥

ਹਉਮੈ ਵਿਚਿ ਸੇਵਾ ਨ ਹੋਵਈ ਤਾਂ ਮਨੁ ਬਿਰਥਾ ਜਾਇ॥੧॥੯॥ (ਪੰਨਾ-੫੬੦)

---

## ਸਮੂਹ ਸੰਗਤਾਂ ਦੇ ਚਰਨਾਂ ਵਿਚ ਜੋਦੜੀ

*ਜਿਵੇਂ ਕਿ ਪਿਛਲੇ ਮਹੀਨੇ ਦੇ ਅੰਕ ਵਿਚ ਦੱਸਿਆ ਗਿਆ ਸੀ ਕਿ ਕੁਝ ਇਕ ਨਾਖੁਸ਼ ਸੱਜਣਾ ਦੇ ਉਪਰਾਲਿਆ ਸਦਕਾ 'ਸੂਰਾ' ਪੱਤਰ ਦੀ ਪ੍ਰਬੰਧਕ ਕਮੇਟੀ ਨੂੰ ਕਾਨੂੰਨੀ ਕਾਰਵਾਈਆਂ ਵਿਚ ਉਲਝਾ ਲਿਆ ਗਿਆ ਹੈ। ਇਸ ਕਾਰਨ ਸੂਰਾ ਪੱਤਰ ਦੇ ਬੈਂਕ ਖਾਤਾ ਫਿਲਹਾਲ ਸੀਲ ਕਰ ਦਿਤਾ ਗਿਆ ਹੈ। ਪਿਛਲੇ ਮਹੀਨੇ ਅਤੇ ਇਸ ਮਹੀਨੇ ਸੂਰਾ ਪੱਤਰ ਦੇ ਸਾਰੇ ਖਰਚ ਲਈ ਲੁਧਿਆਣਾ ਦੇ ਲੰਗਰ ਫੰਡ ਵਿਚ ਜਮ੍ਹਾਂ ਸਾਰੀ ਮਾਇਆ ਵਰਤੀ ਗਈ ਹੈ। ਸੋ ਹੁਣ ਅੱਗੋਂ ਇਸ ਗੁਰਸ਼ਬਦ ਦੇ ਲੰਗਰ ਨੂੰ ਨਿਰਵਿਘਨ ਚਲਾਉਣ ਲਈ ਸਮੂਹ ਸੰਗਤਾ ਵੱਲੋਂ ਤਕੜਾ ਹੰਭਲਾ ਮਾਰਨ ਦੀ ਲੋੜ ਹੈ। ਸੋ ਬੇਨਤੀ ਹੈ ਕਿ ਆਪਣੇ ਦਸਵੰਧ ਦਾ ਵੱਧ ਤੋਂ ਵੱਧ ਹਿਸਾ ਸੂਰਾ ਪੱਤਰ ਲਈ ਭੇਜ ਕੇ ਧੰਨਵਾਦੀ ਬਣਾਓ ਜੀ। ਮਾਇਆ ਮਨੀਆਰਡਰ ਜਾਂ ਹੋਰ ਵਸੀਲੇ ਰਾਹੀਂ, ਸਿੱਧੀ ਸੂਰਾ ਦਫ਼ਤਰ ਗੁ: ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਪਹੁੰਚਦੀ* **ਕਰੋ** *ਜੀ ਜਾਂ ਕੀਰਤਨ ਸਮਾਗਮਾਂ ਤੇ ਸੂਰਾ ਦੇ ਸਟਾਲ ਤੇ ਜਮ੍ਹਾ ਕਰਵਾਓ ਜੀ।*



www.AKJ.Org

# ਗੁਰਮਤਿ ਉਦਾਸੀਨਤਾ

(ਪ੍ਰਿ: ਸੱਜਣ ਸਿੰਘ ਜੀ)

ਦ੍ਰਿਸ਼ਟਮਾਨ ਸੰਸਾਰ ਮੋਹ ਦਾ ਘਰ ਹੈ। ਜੀਵਨ ਵਿੱਚ ਵਾਪਰਦਾ ਸਗਲ ਪਸਾਰਾ ਮਮਤਾ ਕਰ ਕੇ ਹੀ ਹੈ। ਜਿਉਂ ਇੱਟਾਂ ਨੂੰ ਜੋੜਨ ਵਾਲਾ ਸੀਮੈਂਟ ਹੈ ਤਿਉਂ ਦੁਨਿਆਵੀ ਸੰਬੰਧਾਂ ਨੂੰ ਜੋੜਨ ਵਾਲਾ, ਪੱਕਾ ਤੇ ਕਾਇਮ ਰੱਖਣ ਖਾਲਾ ਮਮਤਾ ਮੋਹ ਦਾ ਮਸਾਲਾ ਹੈ। ਇਹ ਮੋਹ ਏਨਾ ਪ੍ਰਬਲ ਤੇ ਭਾਰੂ ਹੈ, ਏਨਾ ਮਨਮੋਹਣਾ ਤੇ ਪਿਆਰਾ ਹੈ ਕਿ ਜੀਵ ਸੰਸਾਰ ਵਿੱਚ ਅਤੀ ਦੁਖੀ ਹੁੰਦਿਆਂ ਵੀ ਸੰਸਾਰ ਨੂੰ ਛੱਡਣਾ ਨਹੀਂ ਚਾਹੁੰਦਾ। ਇਹ ਜਾਣਦਿਆਂ ਹੋਇਆ ਵੀ ਮੈਂ ਇਸ ਸੰਸਾਰ ਵਿੱਚ ਸਦਾ ਨਹੀਂ ਰਹਿਣਾ, ਮੋਹ ਦੇ ਜਾਲ ਵਿੱਚ ਫਸਿਆ ਆਪਣੇ ਆਪ ਨੂੰ ਮੁਕਤ ਕਰਵਾਉਣ ਵਾਸਤੇ ਸੋਚਦਾ ਨਹੀਂ ਹੈ। ਬੰਦਾ ਇਹ ਵੀ ਜਾਣਦਾ ਹੈ ਕਿ ਦੰਦਾਂ ਦਾ ਝੜਨਾ, ਨਜ਼ਰ ਦਾ ਕਮਜ਼ੋਰ ਹੋਣਾ, ਬਾਲਾਂ ਦਾ ਚਿੱਟੇ ਹੋਣਾ, ਤਵਚਾ ਦਾ ਕੁਮਲਾਉਣਾ, ਮੂੰਹ ਤੇ ਝੁਰੜੀਆਂ ਦਾ ਨਮੂਦਾਰ ਹੋਣਾ, ਸੱਦੇ ਤੇ ਸੰਦੇਸ਼ਾ ਦੀਆ ਨਿਸ਼ਾਨੀਆਂ ਹਨ, ਫਿਰ ਵੀ ਮੋਹ ਦੀ ਪਕੜ ਢਿੱਲੀ ਨਹੀਂ ਪੈਂਦੀ। ਬਲਕਿ ਦੇਖਿਆ ਜਾਂਦਾ ਹੈ ਕਿ ਜਿਉਂ ਜਿਉਂ ਜੀਵ ਦੀ ਉਮਰ ਵਡੇਰੀ ਹੁੰਦੀ ਜਾਂਦੀ ਹੈ, ਉਹ ਸੰਸਾਰ ਤੇ ਟੱਬਰ ਦੇ ਮੋਹ ਵਿੱਚ ਹੋਰ ਖੁੱਭਦਾ ਜਾਂਦਾ ਹੈ। ਅਗਿਆਨੀ ਤੇ ਮੂਰਖ ਬੰਦਾ ਤਾਂ ਸੰਸਾਰ ਦੇ ਮੋਹ ਵਿੱਚ ਗ੍ਰਸਤ ਹੁੰਦਾ ਹੀ ਹੈ ਪਰ ਇਹ ਵੀ ਸੰਭਵ ਹੈ ਕਿ ਗਿਆਨਵਾਨ ਤੇ ਉਪਦੇਸ਼ਕ ਜਿਹੜੇ ਦੂਜਿਆਂ ਨੂੰ ਅਲੇਪ ਰਹਿਣ ਦਾ ਉਪਦੇਸ਼ ਦਿੰਦੇ ਹਨ, ਉਹ ਆਪ ਸ਼ਾਇਦ ਉਨ੍ਹਾਂ ਤੋਂ ਵੀ ਵੱਧ ਮੋਹ ਦੇ ਵੱਸ ਪਏ ਹੋਣ।

ਮੋਹ ਅਤੀ ਸੂਖਮ ਪ੍ਰਵਿਰਤੀ ਹੈ। ਆਮ ਤੌਰ ਤੇ ਇਸ ਦੀ ਪਕੜ ਹੌਲੀ ਹੌਲੀ ਮਜ਼ਬੂਤ ਹੁੰਦੀ ਹੈ ਤੇ ਜਦ ਇਸ ਦਾ ਆਪਣਾ ਰੰਗ ਕਾਫੀ ਪੱਕਾ ਤੇ ਨਿਵੇਕਲਾ ਬਣ ਜਾਂਦਾ ਹੈ ਤਾਂ ਇਸ ਦਾ ਪਤਾ ਚੱਲਦਾ ਹੈ। ਅਸਲ ਵਿੱਚ ਅਸੀਂ ਆਪਣੇ ਵੈਰੀ ਨੂੰ ਹਕੀਰ ਤੇ ਨਿਰਬਲ ਸਮਝਦੇ ਹਾਂ ਤੇ ਇਸ ਤੋਂ ਸਾਵਧਾਨ ਰਹਿਣ ਦਾ ਯਤਨ ਘੱਟ ਹੀ ਕਰਦੇ ਹਾਂ ਤੇ ਭੁੱਲ ਜਾਂਦੇ ਹਾਂ ਕਿ ਜਹਾਜ਼ ਵਿੱਚ ਛੋਟਾ ਜਿਹਾ ਛੇਕ ਜੇ ਅਣਗੌਲਿਆ ਰਹਿ ਜਾਵੇ ਤਾਂ ਜਹਾਜ਼ ਨੂੰ ਡੁਬੋਣ ਦਾ ਕਾਰਨ ਬਣ ਜਾਂਦਾ ਹੈ।

ਜਿਸ ਪੁਰਸ਼ ਤੇ ਸਤਿਗੁਰੂ ਦਾ ਪਾਵਨ ਹੱਥ ਨਹੀਂ, ਉਹ ਜਿਸ ਜੀਵ ਤੇ ਪਰ-ਉਪਕਾਰ ਕਰਦਾ ਹੈ, ਉਸ ਨਾਲ ਪਹਿਲਾਂ ਹਮਦਰਦੀ ਹੁੰਦੀ ਹੈ, ਫਿਰ ਹਮਦਰਦੀ ਨਾਲ ਲਗਾਉ, ਲਗਾਉ ਤੋਂ ਪਿਆਰ, ਪਿਆਰ ਤੋਂ ਮੋਹ ਉਤਪੰਨ ਹੁੰਦਾ ਹੈ। ਇਉਂ ਗਿਆਨ ਦੇ ਕੁੰਡੇ ਬਿਨਾ ਪਰਉਪਕਾਰ ਜੈਸਾ ਦੈਵੀ ਗੁਣ ਆਪਣਾ ਰੂਪ ਪਲਟਾ ਲੈਂਦਾ ਹੈ ਤੇ ਦੁਨਿਆਵੀ ਮਾਣ, ਝੂਠੀ ਇੱਜ਼ਤ, ਦਿਖਾਵੇ ਦੀ ਵਾਹ ਵਾਹ ਜਾਂ ਚਿੱਕੜ ਰੂਪੀ ਮੋਹ ਵਲ ਲੈ ਜਾਂਦਾ ਹੈ। ਜਿਸ ਤਰਾਂ ਦਾ ਪਰਉਪਕਾਰ ਸਤਿਗੁਰੂ ਨਾਨਕ ਦੇਵ ਜੀ ਨੇ ਕੀਤਾ, ਇਸ ਤਰਾਂ ਦੀ ਕਰਨੀ ਰੀਸ ਨਾਲ ਨਹੀਂ ਕੀਤੀ ਜਾਂਦੀ। ਇੱਕ ਤਾਂ ਉਨ੍ਹਾਂ ਦਾ ਉਪਕਾਰ ਵਿਛੜੇ ਜੀਵਾਂ ਨੂੰ ਜੀਅ ਦਾਨ ਦੇਣ ਤੇ ਅਕਾਲ ਪੁਰਖ ਨਾਲ ਮਿਲਾਪ ਕਰਾਉਣ ਦਾ ਸੀ, ਦੂਜਾ ਉਨ੍ਹਾਂ ਦੀਆਂ ਉਦਾਸੀਆਂ ਦਾ ਅਧਾਰ ਮਾਇਆ, ਪਦਵੀ, ਪਰਿਵਾਰ ਤੋਂ ਬਿਲਕੁਲ ਮੋਹ-ਰਹਿਤ ਹੋਣ ਦਾ ਸੀ।

ਇਸ ਸੰਸਾਰ ਦਾ ਹਰੇਕ ਪਦਾਰਥ ਸਾਡੀਆਂ ਸਰੀਰਕ ਅੱਖਾਂ ਦਾ ਵਿਸ਼ਾ ਹੈ। ਜਿੱਥੇ ਵੀ ਸਾਡੀ ਦ੍ਰਿਸ਼ਟੀ ਪਹੁੰਚਦੀ ਹੈ, ਜਿਸ ਵਸਤੂ ਨੂੰ ਵੀ ਤੱਕਦੇ ਹਾਂ ਉਹ ਮੋਹ ਜਾਂ ਲਗਾਉ ਉਤਪੰਨ ਕਰਦੀ ਹੈ। ਇਸ ਮੋਹ ਸਾਡੀ ਬਿਰਤੀ ਨੂੰ ਆਪਣੇ ਵਲ ਪ੍ਰੇਰਦਾ ਹੈ ਤੇ ਮਨ ਤੇ ਅਮਿੱਟ ਛਾਪ ਛੱਡਦਾ ਹੈ ਜਿਹੜਾ ਪ੍ਰਭੂ ਮਿਲਾਪ ਵਿੱਚ ਜ਼ਬਰਦਸਤ ਰੁਕਾਵਟ ਪਾਉਣ ਵਾਲਾ ਹੈ।

ਰਾਗੁ ਬਿਲਾਵਲੁ ਮਹਲਾ ੫ ਚਉਪਦੇ ਘਰੁ ੧॥ ੧ੴ ਸਤਿਗੁਰ ਪ੍ਰਸਾਦਿ॥

ਨਦਰੀ ਆਵੈ ਤਿਸੁ ਸਿਉ ਮੋਹੁ॥ ਕਿਉ ਮਿਲੀਐ ਪ੍ਰਭ ਅਬਿਨਾਸੀ ਤੋਹਿ ॥(੮੦੧)

ਇਹ ਮੋਹ ਦੀ, ਅਗਿਆਨਤਾ ਦੀ, ਹਉਮੈ ਦੀ ਕਰਤੂਤਿ ਹੈ, ਮਾਇਆ ਦਾ ਜਾਦੂ ਹੈ ਕਿ ਇਸ ਨੇ ਸਪਣੀ ਵਾਂਗਰ ਸਭ ਨੂੰ ਵਲੇਟਿਆ ਹੋਇਆ ਹੈ ਤੇ ਬੰਦਾ ਮਾਇਆ-ਰੂਪੀ ਅਗਨੀ ਵਿੱਚ ਇਉਂ ਸੜਦਾ ਹੈ, ਜਿਉਂ ਦੀਵੇ ਨੂੰ ਤੱਕ ਕੇ ਪਤਗਾ ਸੜਦਾ ਹੈ।



www.AKJ.Org

ਦਰਿਆ ਦੇ ਕੰਢੇ ਕੁੱਝ ਅਸਥਾਨ ਐਸੇ ਹਨ ਜਿਹੜੇ ਦਲਦਲ ਨਾਲ ਭਰੇ ਹੋਏ ਹੁੰਦੇ ਹਨ। ਇਸ ਵਿੱਚ ਬੰਦਾ ਇੱਕ ਵਾਰ ਫਸ ਜਾਵੇ, ਉਸ ਦਾ ਨਿਕਲਣਾ ਔਖਾ ਹੋ ਜਾਂਦਾ ਹੈ। ਉਹ ਇੱਕ ਪੈਰ ਪੁੱਟਦਾ ਹੈ ਤਾਂ ਦੂਜਾ ਫਸ ਜਾਂਦਾ ਹੈ, ਦੂਜਾ ਕੱਢਣ ਦਾ ਜਤਨ ਕਰਦਾ ਹੈ ਤਾਂ ਪਹਿਲਾਂ ਧੱਸ ਜਾਂਦਾ ਹੈ। ਇਹੋ ਦਸ਼ਾ ਸੰਸਾਰ ਦੀ ਵਿਕਾਰਾਂ ਭਰੀ ਜਿਲਣ ਵਿੱਚ ਹੁੰਦੀ ਹੈ। ਇਸ ਦਲਦਲ ਤੋਂ ਛੁਟਕਾਰਾ ਦਿਲਾਉਣ ਵਾਲਾ ਉਹ ਵਿਅਕਤੀ ਹੋ ਸਕਦਾ ਹੈ, ਜਿਹੜਾ ਆਪ ਦਲ ਦਲ ਤੋਂ ਬਾਹਰ ਹੋਵੇ ਤੇ ਆਪਣੀ ਭਾਰੀ ਭੁਜਾ ਦੁਆਰਾ ਦੂਜੇ ਨੂੰ ਫੜ ਕੇ ਬਾਹਰ ਲਿਆਉਣ ਦੀ ਸਮਰੱਥਾ ਰੱਖਦਾ ਹੋਵੇ। ਸਤਿਗੁਰੂ ਦਾ ਫੁਰਮਾਨ ਹੈ :-

ਸੈਸਾਰ ਗਾਰ ਬਿਕਾਰ ਸਾਗਰ ਪਤਿਤ ਮੋਹ ਮਾਨ ਅੰਧ ॥ ਬਿਕਲ ਮਾਇਆ ਸੰਗਿ ਧੰਧ॥<br>
ਕਰੁ ਗਹੇ ਪ੍ਰਭ ਆਪਿ ਕਾਢਹੁ ਰਾਖਿ ਲੇਹੁ ਗੋਬਿੰਦ ਰਾਇ॥

(ਕਾਨੜਾ ਮਹਲਾ ੫॥ (੧੩੦੬)

ਉਂਜ ਤਾਂ ਸਾਰਾ ਸੰਸਾਰ ਹੀ ਮੋਹ ਰੂਪ ਹੈ ਪਰ ਪਰਿਵਾਰ ਤੇ ਮਾਇਆ ਦੇ ਮੋਹ, ਪਦਵੀ ਤੇ ਉਸਤਤਿ ਦੇ ਮੋਹ ਨੇ ਖਾਸ ਤੌਰ ਤੇ ਸਾਰੀ ਲੋਕਾਈ ਨੂੰ ਆਪਣੀ ਤਕੜੀ ਗ੍ਰਿਫਤ ਵਿੱਚ ਲਿਆ ਹੋਇਆ ਹੈ। ਇਸ ਦੇ ਜੱਫੇ ਵਿੱਚ ਮਨਮੁਖ ਛੇਤੀ ਹੀ ਫੱਸ ਜਾਂਦਾ ਹੈ ਕਿਉਂਕਿ ਉਸ ਦੀ ਓਟ ਸਤਾਣੀ ਨਹੀਂ। ਆਮ ਬੈਰਾਗੀ ਤੇ ਉਦਾਸੀ ਦੇ ਮਨ ਵਿੱਚ ਖੇੜਾ ਤੇ ਅਗੰਮੀ ਖੁਸ਼ੀ ਪ੍ਰਫੁੱਲਤ ਨਹੀਂ ਹੁੰਦੀ। ਕਰਾਮਾਤ, ਸ਼ਕਤੀ, ਸਿੱਧੀ, ਸਰਾਧ, ਕ੍ਰੋਧ ਦੇ ਬਖੇੜੇ ਵਿੱਚ ਖੱਚਤ ਪ੍ਰਾਣੀ ਦੀ ਏਹੋ ਦਸ਼ਾ ਹੁੰਦੀ ਹੈ। ਉਸ ਤੋਂ ਹੋਰ ਉਚੀ ਅਵਸਥਾ ਰੱਖਣ ਦੀ ਆਸਾ ਨਿਰਮੂਲ ਹੈ। ਇਸ ਦੇ ਵਿਪਰੀਤ ਸਤਿਗੁਰੂ ਦੀ ਸੇਵਾ ਕਰਨ ਵਾਲਾ ਤੇ ਹੁਕਮ ਦੀ ਪਾਲਣਾ ਕਰਨਾ ਗੁਰਮੁਖ ਜਨ ਮੋਹ ਨੂੰ ਸਾੜਨ ਵਿਚ ਸਹਜੇ ਹੀ ਸਫਲ ਹੁੰਦਾ ਹੈ ਤੇ ਘਰ ਹੀ ਮਾਹਿ ਉਦਾਸ ਰਹਿਣ ਦੀ ਉੱਚੀ ਪਦਵੀ ਪ੍ਰਾਪਤ ਕਰਦਾ ਹੈ। ਉਹ ਸਦਾ ਅਨੰਦ, ਖੇੜੇ, ਵਿਗਾਸ ਦੀ ਵਿਸਮਾਦੀ ਦਸ਼ਾ ਵਿੱਚ ਵਿਚਰਦਾ ਹੈ ਕਿਉਂਕਿ ਹਰੀ ਦਾ ਬੈਰਾਗ ਅਨੰਦ ਰੂਪ ਹੈ, ਚਾਉ, ਉਮੰਗ ਦਾ ਸੋਮਾ ਹੈ, ਪ੍ਰਸੰਨਤਾ ਤੇ ਚੜ੍ਹਦੀ ਕਲਾ ਦਾ ਸਾਗਰ ਹੈ। ਸਤਿਗੁਰੂ ਦਾ ਅਟੱਲ ਫੁਰਮਾਨ ਹੈ ਕਿ ਦੈਵੀ ਗੁਣਾਂ ਦੀ ਸਾਰੀ ਬਖਸ਼ਸ਼ ਸੱਚੇ ਨਾਮ, ਅਰਥਾਤ ਗੁਰਮੰਤਰ ਤੋਂ ਪ੍ਰਾਪਤ ਹੁੰਦੀ ਹੈ ਜਿਸ ਦਾ ਸੋਮਾ ਤੇ ਦਾਤਾ ਸਤਿਗੁਰੂ ਨਾਨਕ ਦੇਵ ਜੀ ਆਪ ਹਨ।

ਮਨਮੁਖੁ ਮੋਹਿ ਵਿਆਪਿਆ ਬੈਰਾਗੁ ਉਦਾਸੀ ਨ ਹੋਇ॥<br>
ਸਬਦੁ ਨ ਚੀਨੈ ਸਦਾ ਦੁਖੁ ਹਰਿ ਦਰਗਹ ਪਤਿ ਖੋਇ॥<br>
ਹਉਮੈ ਗੁਰਮੁਖਿ ਖੋਈਐ ਨਾਮਿ ਰਤੇ ਸੁਖੁ ਹੋਇ॥੧॥<br>
ਮੇਰੇ ਮਨ ਅਹਿਨਿਸਿ ਪੂਰਿ ਰਹੀ ਨਿਤ ਆਸਾ॥<br>
ਸਤਿਗੁਰੁ ਸੇਵਿ ਮੋਹੁ ਪਰਜਲੈ ਘਰ ਹੀ ਮਾਹਿ ਉਦਾਸਾ॥੧॥ਰਹਾਉ॥<br>
ਗੁਰਮੁਖਿ ਕਰਮ ਕਮਾਵੈ ਬਿਗਸੈ ਹਰਿ ਬੈਰਾਗੁ ਅਨੰਦੁ॥<br>
ਅਹਿਨਿਸਿ ਭਗਤਿ ਕਰੇ ਦਿਨੁ ਰਾਤੀ ਹਉਮੈ ਮਾਰਿ ਨਿਚੰਦੁ॥<br>
ਵਡੈ ਭਾਗਿ ਸਤਿਸੰਗਤਿ ਪਾਈ ਹਰਿ ਪਾਇਆ ਸਹਜਿ ਅਨੰਦੁ॥੨॥<br>
ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ॥<br>
ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ॥<br>
ਨਾਮੁ ਨਿਧਾਨੁ ਸਤਗੁਰੂ ਦਿਖਾਲਿਆ ਹਰਿ ਰਸੁ ਪੀਆ ਅਘਾਏ॥੩॥<br>
ਜਿਨਿ ਕਿਨੈ ਪਾਇਆ ਸਾਧ ਸੰਗਤੀ ਪੂਰੈ ਭਾਗਿ ਬੈਰਾਗਿ॥<br>
ਮਨਮੁਖ ਫਿਰਹਿ ਨ ਜਾਣਹਿ ਸਤਗੁਰੁ ਹਉਮੈ ਅੰਦਰਿ ਲਾਗਿ॥<br>
ਨਾਨਕ ਸਬਦਿ ਰਤੇ ਹਰਿ ਨਾਮਿ ਰੰਗਾਏ ਬਿਨੁ ਭੈ ਕੇਹੀ ਲਾਗਿ॥੪॥੮॥੪੧॥

(ਸ੍ਰੀ ਰਾਗੁ ਮਹਲਾ ੩॥੨੯)

ਗੁਰਮਤਿ ਤੋਂ ਥੋਥੇ ਤੇ ਭਟਕਦੇ ਪ੍ਰਾਣੀਆਂ ਨੂੰ ਬੈਰਾਗ ਤੇ ਉਦਾਸ ਦੇ ਅਗੰਮੀ ਰਸ ਦਾ ਕੀ ਪਤਾ ? ਘਰ



www.AKJ.Org

ਬਾਰ ਤੇ ਸੰਸਾਰ ਤਿਆਗਣ, ਜੰਗਲ ਵਿਚ ਨਿਵਾਸ ਕਰਨ ਤੇ ਮੰਗ ਮੰਗ ਕੇ ਉਦਰ ਪੂਰਤੀ ਕਰਨ ਨੂੰ ਜੋਗ ਨਹੀਂ ਆਖਿਆ ਜਾਂਦਾ। ਜਿਹੜਾ ਜੀਵ ਸੰਸਾਹ ਤੋਂ ਟੁੱਟ ਗਿਆ ਤੇ ਸੰਸਾਰ ਜੋਗਾ ਨਹੀਂ ਰਹਿਆ, ਉਸ ਦਾ ਰਹਿਣ, ਸਹਿਣ, ਕਹਿਣ ਸੰਸਾਰੀਆਂ ਲਈ ਅਰਥ-ਹੀਣ ਬਣ ਗਿਆ। ਉਦਾਸ ਦਾ ਭਾਵ ਨਿਰਾਸ ਹੋਣਾ ਗਮਗੀਨ ਜ਼ਾਂ ਫਿਕਰਮੰਦ ਹੋਣਾ ਨਹੀਂ ਨਿਰਲੇਪ ਰਹਿਣਾ ਹੈ। ਗੁਰਦੇਵ ਜੀ ਨੇ ਸਾਨੂੰ ਬਾਰ ਬਾਰ ਦ੍ਰਿੜਾਇਆ ਕਿ ਗੁਰਮਤਿ ਉਦਾਸੀਨਤਾ ਸੰਸਾਰ ਤਿਆਗਣ ਵਿੱਚ ਨਹੀਂ, ਮੋਹ ਤਿਆਗਣ ਵਿੱਚ ਹੈ, ਸਰੀਰ ਨੂੰ ਦੁਨੀਆਂ ਤੋਂ ਅਲੱਗ ਰੱਖਣ ਵਿਚ ਨਹੀਂ, ਮਨ ਨੂੰ ਮਮਤਾ ਦੀ ਪਕੜ ਤੋਂ ਦੂਰ ਰੱਖਣ ਵਿੱਚ ਹੈ। ਸੰਜਮ ਵਿੱਚ ਗ੍ਰਿਹਸਤ ਜੀਵਨ ਦੀਆਂ ਜ਼ੁਮੇਵਾਰੀਆਂ ਨੂੰ ਨਿਭਾਉਣਾ, ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ, ਆਦਰਸ਼ਕ ਗੁਰਸਿੱਖ ਜੋਗੀ ਦੇ ਲੱਛਣ ਹਨ। ਇਸ ਤਿਕੋਨ, ਰਹਤ ਵਿੱਚ ਉਦਾਸੀਨਤਾ ਦੇ ਸਾਰੇ ਸ਼ੁਭ ਗੁਣ ਸਮਾਏ ਹਨ।

ਜਗਤ-ਗੁਰੂ-ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਿਸ਼ੇ ਵਿਕਾਰਾਂ ਦੀ ਅਗਨੀ ਵਿੱਚ ਸੜਦੇ ਵਿਸ਼ਵ ਨੂੰ ਅਗਿਆਨਤਾ, ਕਰਮ ਕਾਂਡ ਤੇ ਪਖੰਡ ਦੇ ਜਾਲ ਤੋਂ ਮੁਕਤ ਕਰਾਉਣ ਲਈ ਚਾਰੇ ਪਾਸੇ, ਦੇਸ਼ ਪਰਦੇਸ਼ ਵਿੱਚ ਪਰਚਾਰ ਫੇਰੀਆਂ ਕੀਤੀਆਂ, ਜਿਨ੍ਹਾਂ ਨੂੰ ਉਦਾਸੀਨਤਾ ਆਖਿਆ ਜਾਂਦਾ ਹੈ। ਹਜ਼ੂਰ ਦਾ ਉਦਾਸੀ ਭੇਸ ਇੱਕ ਵਕਤੀ ਪਹਿਰਾਵਾ ਸੀ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਦੁਆਰਾ ਦਰਸਾਇਆ ਕਿ ਉਦਾਸੀਆਂ ਦੀ ਸੰਪੂਰਨਤਾ ਬਾਅਦ ਗੁਰਦੇਵ ਜੀ ਨੇ ਉਦਾਸੀ ਭੇਖ ਉਤਾਰਿਆ ਤੇ ਗ੍ਰਿਹਸਥੀਆਂ ਵਾਂਗਰ ਕਰਤਾਰਪੁਰ ਵਿੱਚ ਰਹਿਣ ਲੱਗੇ।

ਫਿਰਿ ਬਾਬਾ ਆਇਆ ਕਰਤਾਰ ਪੁਰਿ ਭੇਖੁ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ॥ (ਵਾਰ ਪਹਿਲੀ-ਪਉੜੀ ੩੮)

ਗੁਰਦੇਵ ਜੀ ਕੋਈ ਨਵਾਂ ਕੌਤਕ ਰਚਾਉਣ ਲਈ ਤੇ ਅਗਿਆਨਤਾ ਦਾ ਪੜਦਾ ਹਟਾਉਣ ਲਈ ਸਿਵਰਾਤਿ ਦੇ ਮੌਕੇ ਤੇ ਅਚਲ ਵਟਾਲੇ ਪਹੁੰਚੇ। ਜਦ ਜੋਗੀਆਂ ਨੂੰ ਹਜ਼ੂਰ ਦੇ ਉਦਾਸੀ ਭੇਖ ਉਤਾਰੰਨ ਦਾ ਪਤਾ ਚੱਲਿਆ ਤਾਂ ਉਹ ਈਰਖਾ ਦੀ ਅੱਗ ਵਿੱਚ ਸੜਨ ਲਗੇ। ਭੰਗਰਨਾਥ ਜੋਗੀ ਨੇ ਹਜ਼ੂਰ ਨੂੰ ਆਖਿਆ ਕਿ ਇਹ ਤਾਂ ਦੁੱਧ ਵਿੱਚ ਕਾਂਜੀ ਪਾਕੇ ਦੁੱਧ ਫਿਟਾਉਣ ਵਾਲੀ ਗੱਲ ਹੈ ਤੇ ਇਉਂ ਰਿੜਕਣ ਨਾਲ ਮੱਖਣ ਜੈਸੀ ਤੱਤ ਵਸਤੂ ਪ੍ਰਾਪਤ ਹੋਈ ਅਸੰਭਵ ਹੈ। ਹਜ਼ੂਰ ਨੇ ਬਹੁਤ ਕਰੜੇ ਸ਼ਬਦਾਂ ਵਿੱਚ ਉੱਤਰ ਦਿੱਤਾ ਕਿ ਉਨ੍ਹਾਂ ਦੀ ਮਾਤਾ ਕੁੱਚਜੀ ਸੀ ਜਿਸ ਨੂੰ ਸਰੀਰ ਰੂਪੀ ਭਾਂਡਾ ਧੋਤੇ ਬਿਨਾ ਤੇ ਭਾਉ ਭਾਵਨਾ ਬਿਨਾਂ ਦੁੱਧ ਜਮਾਉਣ ਦਾ ਕੁਚੱਜਾ ਢੰਗ ਵਰਤਿਆ ਹੈ। ਆਪਣੀ ਵਿਚਾਰ ਦਾ ਸਾਰ ਇਨ੍ਹਾਂ ਸ਼ਬਦਾਂ ਦੁਆਰਾ ਸਮਾਪਤ ਕੀਤਾ ਕਿ ਬਿਨ ਦਿੱਤਿਆਂ ਕੁੱਝ ਵੀ ਹੱਥ ਨਹੀਂ ਆਉਂਦਾ। ਸਾਰਾ ਸੰਸਾਰ ਜਾਣਦਾ ਹੈ ਕਿ ਧਰਤੀ ਤੋਂ ਕਈ ਗੁਣਾਂ ਦਾਤਾ ਪ੍ਰਾਪਤ ਕਰਨ ਲਈ ਵੀ ਧਰਤੀ ਨੂੰ ਕੁੱਝ ਦੇਣਾ ਪੈਂਦਾ ਹੈ। ਭਾਈ ਗੁਰਦਾਸ ਜੀ ਨੇ ਵਾਰ ੧ ਪਉੜੀ ੪੦ ਵਿੱਚ ਫੁਰਮਾਇਆ ਹੈ।

ਖਾਧੀ ਖੁਣਸਿ ਜੁਗੀਸਰਾਂ ਗੋਸਟਿ ਕਰਨਿ ਸਭੇ ਉਠਿਆਈ।
ਪੁਛੇ ਜੋਗੀ ਭੰਗਰਨਾਥ, ਤੁਹਿ ਦੁੱਧ ਵਿਚਿ ਕਿਉਂ ਕਾਂਜੀ ਪਾਈ।
ਫਿਟਿਆ ਚਾਟਾ ਦੁੱਧ ਦਾ ਰਿੜਕਿਆ ਮਖਣ ਹਥਿ ਨ ਆਈ।
ਭੇਖ ਉਤਾਰਿ ਉਦਾਸਿ ਦਾ, ਵਤਿ ਕਿਉਂ ਸੰਸਾਰੀ ਰੀਤਿ ਚਲਾਈ।
ਨਾਨਕ ਆਖੇ ਭੰਗਰਨਾਥ, ਤੇਰੀ ਮਾਉ ਕੁਚਜੀ ਆਹੀ।
ਭਾਂਡਾ ਧੋਇ ਨ ਜਾਤਿਓਨਿ, ਭਾਇ ਕੁਚਜੇ ਫੁਲੁ ਸੜਾਈ।
ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਠ ਕੇ ਘਰਿ ਮੰਗਣਿ ਜਾਈ।
ਬਿਨ ਦਿਤੇ ਕਛੁ ਹਥਿ ਨ ਆਈ॥੪੦॥

ਗੁਰਦੇਵ ਜੀ ਨੇ ਸਪਸ਼ਟ ਕੀਤਾ ਕਿ " ਮੈਂ ਹੁਣ ਵੀ ਉਦਾਸੀ ਹਾਂ, ਪਰ ਤਨ ਕਰਕੇ ਨਹੀਂ ਮਨ ਕਰਕੇ ਹਾਂ, ਗੁਰ ਪਾਰਬ੍ਰਹਮ ਦੇ ਪਾਵਨ ਉਪਦੇਸ਼ ਦੁਆਰਾ ਅਕਾਲ ਪੁਰਖ ਸਰਬ ਵਿਆਪਕ ਹੋਇ ਵਰਤਿਆ ਹੈ ਤੇ ਉਹ ਘਰਿ ਬਾਹਰਿ ਹਰੇਕ ਥਾਂ ਸਾਰੇ ਰਮਿਆ ਪਰਤੀਤ ਹੁੰਦਾ ਹੈ। ਹਜ਼ੂਰ ਦਾ ਫੁਰਮਾਨ ਹੈ।

ਗੁਰਬਚਨੀ ਬਾਹਰਿ ਘਰਿ ਏਕੋ ਨਾਨਕੁ ਭਇਆ ਉਦਾਸੀ॥ (ਮਾਰੂ ਮਹਲਾ ੧ ਪੰਨਾ ੯੯੨)


www.AKJ.Org

ਗਿਰਹੀ ਤੇ ਉਦਾਸੀ ਦੇ ਕਰਮ ਧਰਮ ਬੇਸ਼ਕ ਕਾਫ਼ੀ ਵੱਖਰੇ ਹਨ ਪਰ ਇਕ ਸਾਂਝ ਜੇ ਦੋਨਾਂ ਦੇ ਵਿਚਕਾਰ ਉਤਪੰਨ ਹੋ ਜਾਵੇ ਤਾਂ ਦੋਨਾਂ ਦੀ ਨੇੜਤਾ ਵੱਧ ਜਾਂਦੀ ਹੈ। ਇਹ ਸਾਂਝ ਗੁਰਮਤਿ ਨਾਮ ਦੀ ਪ੍ਰਾਪਤੀ ਹੈ। ਇਉਂ ਦੋਨਾਂ ਵਰਗਾਂ ਦੀ ਅੰਤਰ ਮੁਖੀ ਦ੍ਰਿਸ਼ਟੀ ਆਤਮ ਚੀਨਣ ਵਾਲੀ ਬਣ ਜਾਂਦੀ ਹੈ। ਜਿਸ ਮੰਤਵ ਲਈ ਉਦਾਸੀ ਘਰਬਾਰ ਤਿਆਗ ਕੇ ਇਕਾਂਤ ਵਿੱਚ ਸਾਧਨਾਂ ਕਰਦਾ ਹੈ, ਉਸ ਦੀ ਪੂਰਤੀ ਗ੍ਰਿਹਸਥੀ ਨੂੰ ਸਤਿਗੁਰੂ ਦਾ ਉਪਦੇਸ਼ ਕਮਾਉਣ ਨਾਲ ਘਰ ਬੈਠਿਆ ਹੋ ਜਾਂਦੀ ਹੈ। ਗੁਰਵਾਕ ਹੈ।

ਸੋ ਗਿਰਹੀ ਸੋ ਦਾਸੁ ਉਦਾਸੀ ਜਿਨਿ ਗੁਰਮੁਖਿ ਆਪੁ ਪਛਾਨਿਆ॥
ਨਾਨਕੁ ਕਹੈ ਅਵਰੁ ਨਹੀ ਦੂਜਾ ਸਾਚ ਸਬਦਿ ਮਨੁ ਮਾਨਿਆਂ॥ (ਪ੍ਰਭਾਤੀ ਮਹਲਾ ੧-੧੩੩੨)

ਘਰ ਵਿੱਚ ਉਪਰਾਮਤਾ ਦੀ ਪਦਵੀ ਪਾਉਣ ਲਈ ਹੇਠ ਲਿਖੀ ਜੁਗਤੀ ਨਿਰੋਲ ਗੁਰਮਤਿ ਅਨੁਕੂਲ ਹੈ। ਸੱਚੇ ਗੁਰ ਨਾਲ ਮੇਲ—ਨਾਮ ਦੀ ਪ੍ਰਾਪਤੀ ਤੇ ਕਮਾਈ— ਮੋਹ ਮਮਤਾ ਦਾ ਨਾਸ਼— ਪ੍ਰਭੂ ਵਿਚ ਲੀਨਤਾ- --- ਘਰ ਵਿੱਚ ਉਦਾਸੀਨਤਾ ਦੀ ਬਖਸ਼ਸ਼।

ਗੁਰ ਮਿਲਿਐ ਨਾਮੁ ਪਾਈਐ ਚੂਕੈ ਮੋਹ ਪਿਆਸ॥
ਹਰਿ ਸੇਤੀ ਮਨੁ ਰਵਿ ਰਹਿਆ ਘਰ ਹੀ ਮਾਹਿ ਉਦਾਸੁ॥ (ਸਿਰੀ ਰਾਗੁ ਮਹਲਾ ੩-੨੬)

ਸ੍ਰੀ ਗੁਰੂ ਅਮਰਦਾਸ ਕਈ ਸਾਲ ਦੇਵੀ ਦਰਸ਼ਨ ਤੇ ਤੀਰਥ ਯਾਤਰਾ ਕਰਦੇ ਰਹੇ। ਆਪ ਜੀ ਦੇ ਸੰਪਰਕ ਵਿੱਚ ਕਈ ਭੇਖੀ ਤੇ ਕਪਟੀ ਪੁਰਸ਼ ਵੀ ਆਏ ਹੋਣਗੇ। ਆਪ ਦੀ ਸੂਝ-ਬੂਝ, ਨਿੱਜੀ ਤਜਰਬੇ ਤੇ ਗਿਆਨ ਤੇ ਅਧਾਰ ਤੇ ਉਨ੍ਹਾਂ ਦੇ ਦਿਲ ਵਿਚ ਇਹ ਗੱਲ ਵੱਸ ਗਈ ਕਿ ਪੂਰੇ ਗੁਰੂ ਬਿਨਾਂ ਪਾਰ ਉਤਾਰਾ ਨਹੀਂ। ਸਚਾਈ ਤੇ ਸੰਜਮ ਦਾ ਜੀਵਨ ਉਹੀ ਬਿਤਾ ਸਕਦਾ ਹੈ ਜਿਸ ਦੇ ਹਿਰਦੇ ਵਿੱਚ ਨਾਮ ਦਾ ਪ੍ਰਕਾਸ਼ ਤੇ ਗਿਆਨ ਦਾ ਚਾਨਣ ਨੂਰੀ ਰਿਸ਼ਮਾ ਵੰਡਦਾ ਹੋਵੇ। ਹਜ਼ੂਰ ਦੇ ਬਚਨ ਹਨ।

ਸਿਰੀ ਰਾਗੁ ਮਹਲਾ ੩.....
ਮਨ ਰੇ ਗ੍ਰਿਹ ਹੀ ਮਾਹਿ ਉਦਾਸੁ॥ ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ॥੧॥ਰਹਾਉ॥
ਗੁਰ ਕੈ ਸਬਦਿ ਮਨੁ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਇ॥
ਹਰਿ ਕਾ ਨਾਮੁ ਧਿਆਈਐ ਸਤਸੰਗਤਿ ਮੇਲਿ ਮਿਲਾਇ॥...(੨੬)

*ਗੁਰ ਸ਼ਬਦ ਦੀ ਮਹਿਮਾ ਅਪਰ ਅਪਾਰ ਹੈ ਜਿਸ ਦੀ ਪਾਰਸ ਰੂਪੀ ਕਲਾ ਵਰਤਣ ਨਾਲ ਜੀਵਨ ਮੁਕਤੀ ਦਾ ਪਦ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਸੰਸਾਰ ਸਰੋਵਰ ਦੇ ਮੋਹ ਰੂਪੀ ਚਿੱਕੜ ਵਿਚ ਨਿਰਲੇਪ ਰਹਿਣ ਦੀ ਜੁਗਤੀ ਦਾਤਾਰ ਪ੍ਰਭੂ ਦੀ ਰਹਿਮਤ ਦੇ ਸਦਕੇ ਹੀ ਸਿਰੇ ਚੜ੍ਹਦੀ ਹੈ। ਪਰ ਇੱਕ ਸਾਵਧਾਨੀ, ਬਹੁਤ ਜ਼ਰੂਰੀ ਹੈ ਕਿ ਗੁਰਸਿੱਖ ਦੀ ਹੰਕਾਰ-ਰਹਿਤ ਸੇਵਾ ਹੀ ਪਰਵਾਨ ਹੁੰਦੀ ਹੈ ਜਿਸ ਵਿੱਚ ਅਕਲਿ, ਸਿਆਣਪ ਜਾਂ ਚਤੁਰਾਈ ਦਾ ਰੱਤੀ ਭਰ ਵੀ ਅੰਸ਼ ਨਹੀਂ ਹੋਣਾ ਚਾਹੀਦਾ। ਦੂਜੇ ਸ਼ਬਦਾਂ ਵਿੱਚ ਐਸਾ ਗੁਰਸਿੱਖ ਕਮਲ ਵਾਂਗਰ ਨਿਰਲੇਪ ਰਹਿੰਦਾ ਹੈ। ਉਸ ਦਾ ਨਿਵਾਸ ਬੇਸ਼ਕ ਚਿੱਕੜ ਵਿੱਚ ਹੈ, ਪਰ ਉਸਦੀ ਸੁਰਤੀ ਸਦਾ ਆਕਾਸ਼ ਵਲ ਰਹਿੰਦੀ ਹੈ।*

ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ॥
(ਮਾਰੂ ਮਹਲਾ ੪-੧੦੭੦)

---

**ਸਾਚੀ ਬਾਣੀ ਸਿਉ ਧਰੇ ਪਿਆਰੁ॥ ਤਾ ਕੋ ਪਾਵੈ ਮੋਖ ਦੁਆਰੁ॥** (ਪੰਨਾ ੬੬੧)

*ਕਾਹਲੀ ਕਾਹਲੀ ਰਸਮ ਮੂਜਬ ਕੀਤੇ ਗੁਰਬਾਣੀ ਦੇ ਪਾਠ ਦਾ ਕੋਈ ਬਹੁਤਾ ਲਾਭ ਨਹੀਂ। ਸਹਿਜ ਵਿੱਚ ਪ੍ਰੇਮ ਸਹਿਤ ਕੀਤੇ ਪਾਠ ਦਾ ਹੀ ਰਸ ਆਉਂਦਾ ਹੈ ਅਤੇ ਗੁਰੂ ਦੀ ਮੇਹਰ ਹੁੰਦੀ ਹੈ। ਸਾਨੂੰ ਗੁਰਬਾਣੀ ਬੜੇ ਪ੍ਰੇਮ ਨਾਲ ਪੜ੍ਹਨੀ ਤੇ ਗਾਉਣੀ ਚਾਹੀਦੀ ਹੈ। ਬਾਣੀ ਪੜ੍ਹਦਿਆਂ ਗਾਉਂਦਿਆ ਸਾਡਾ ਉਚਾਰਣ ਸ਼ੁੱਧ ਹੋਣਾ ਚਾਹੀਦਾ ਹੈ, ਤਾਹੀਉਂ ਸਾਨੂੰ ਬਾਣੀ ਦੇ ਅਰਥਾਂ ਦੀ ਸੋਝੀ ਪਵੇਗੀ ਅਤੇ ਅਸੀਂ ਗੁਰ-ਉਪਦੇਸ਼ ਨੂੰ ਮਨ ਵਸਾ ਸਕਾਂਗੇ।*


www.AKJ.Org

# ਗੁਰਸਿੱਖ ਬੀਬੀਆਂ ਤੇ ਰੱਖੜੀ

ਵਲੋਂ ਅਜੀਤ ਕੌਰ ਲੁਧਿਆਣਾ

ਪੰਜਾਬ ਵਿਚ ਪੁਰਾਤਨ ਸਮੇਂ ਤੋਂ ਹਿੰਦੂ ਧਰਮ ਨਾਲ ਸੰਬੰਧਤ ਕਈ ਤਿਓਹਾਰ ਮਨਾਏ ਜਾਂਦੇ ਹਨ ਜਿਵੇਂ ਕਰਵਾ-ਚੌਥ, ਹੋਲੀ, ਦੁਸਿਹਰਾ, ਲੋਹੜੀ, ਸੰਗਰਾਂਦ, ਮੱਸਿਆ, ਸਰਾਧ ਤੇ ਰੱਖੜੀ। ਇਹਨਾਂ ਤਿਓਹਾਰਾਂ ਨੂੰ ਸਿੱਖ ਵੀ ਪੂਰੇ ਜੋਸ਼ ਤੇ ਉਤਸ਼ਾਹ ਨਾਲ ਮਨਾਉਂਦੇ ਹਨ। ਇਹ ਸਾਰੇ ਤਿਓਹਾਰ ਹਿੰਦੂ ਧਰਮ ਦੇ ਕਿਸੇ ਨਾ ਕਿਸੇ ਦੇਵੀ-ਦੇਵਤੇ ਨਾਲ ਜੁੜੇ ਹੋਏ ਹਨ ਪਰ ਸਿੱਖ, ਯਹੂਦੀ ਤੇ ਈਸਾਈ ਧਰਮ ਨਾਲ ਇਹਨਾਂ ਦਾ ਕੋਈ ਸੰਬੰਧ ਨਹੀਂ।

ਸਿੱਖ-ਸਮਾਜ ਨੇ ਕਦੇ ਇਸ ਗੱਲ ਨੂੰ ਵਿਚਾਰ-ਅਧੀਨ ਵੀ ਨਹੀਂ ਲਿਆਂਦਾ ਕਿ ਅਸੀਂ ਇਹ ਤਿਓਹਾਰ ਕਿਉਂ ਮਨਾਉਂਦੇ ਹਾਂ? ਸਿੱਖਾਂ ਦੇ ਤਿਓਹਾਰ ਹੋਰ ਕੌਮਾਂ ਨਹੀਂ ਮਨਾਉਂਦੀਆਂ। ਸਿਰਫ਼ ਸਿੱਖ ਹੀ ਅਜਿਹੀ ਕੌਮ ਹੈ ਜੋ ਦੂਜੀਆਂ ਕੌਮਾਂ ਦੇ ਤਿਓਹਾਰਾਂ ਨੂੰ ਮਨਾਉਂਦੀ ਹੈ, ਸ਼ਾਇਦ ਸਿੱਖ ਕੌਮ ਇਸ ਗੱਲ ਦੀ ਧਾਰਨੀ ਹੈ ਕਿ ਰਲ-ਮਿਲ ਕੇ ਸਾਂਝੇ-ਤੌਰ ਤੇ ਤਿਓਹਾਰ ਮਨਾਉਣ ਨਾਲ ਸਾਂਝੀਵਾਲਤਾ ਤੇ ਸਦਭਾਵਨਾ ਦਾ ਮਹੌਲ ਪੈਦਾ ਹੁੰਦਾ ਹੈ।

ਸਿੱਖ ਧਰਮ ਵਿੱਚ ਰੱਖੜੀ ਨਾਮ ਦਾ ਕੋਈ ਤਿਓਹਾਰ ਨਹੀਂ ਹੈ। ਆਮ ਤੌਰ ਦੇ ਇਸ ਤਿਓਹਾਰ ਬਾਰੇ ਰਾਏ ਦਿੱਤੀ ਜਾਂਦੀ ਹੈ ਕਿ ਇਹ ਹਿੰਦੂ-ਸਿਖਾਂ ਦਾ ਸਾਂਝਾ ਤਿਓਹਾਰ ਹੈ। ਪਰ ਅਸਲੀਅਤ ਪੱਖੋਂ ਇਹ ਨਿਰੋਲ ਹਿੰਦੂ-ਮੱਤ ਨਾਲ ਸੰਬੰਧਤ ਹੈ। ਰੱਖੜੀ ਨੂੰ ਹਿੰਦੀ ਵਿੱਚ ਰਾਖੀ ਕਿਹਾ ਜਾਂਦਾ ਹੈ, ਜਿਸ ਦਾ ਭਾਵ ਹੈ ਰੱਖਿਆ ਕਰਨ ਵਾਲੀ। ਇਸ ਦਿਨ ਭੈਣ ਆਪਣੇ ਭਰਾ ਦੇ ਗੁੱਟ ਤੇ ਧਾਗਾ ਬੰਨ੍ਹ ਕੇ ਉਸਦਾ ਮੂੰਹ-ਮਿੱਠਾ ਕਰਵਾਉਂਦੀ ਹੈ ਜਿਸ ਦੇ ਬਦਲੇ ਵਿੱਚ ਭਰਾ ਤੋਂ ਕੁੱਝ ਮਾਇਆ ਪ੍ਰਾਪਤ ਕਰਦੀ ਹੈ ਤੇ ਭਰਾ ਇਹ ਪ੍ਰਣ ਕਰਦਾ ਹੈ ਕਿ ਮੈਂ ਆਪਣੀ ਭੈਣ ਦੀ ਇਜ਼ਤ ਦੀ ਰਾਖੀ ਕਰਾਂਗਾ। ਰਾਜਪੂਤਾਂ ਵਿੱਚ ਇਹ ਰਸਮ ਬਹੁਤ ਪੁਰਾਣੇ ਸਮੇਂ ਤੋਂ ਚਲੀ ਆ ਰਹੀ ਹੈ। ਜਦੋਂ ਰਾਜਪੂਤ ਰਾਜੇ ਕਿਸੇ ਜੰਗ-ਯੁੱਧ ਵਿੱਚ ਜਾਣ ਲੱਗਦੇ ਤਾਂ ਭੈਣ-ਆਪਣੇ ਭਰਾ ਦੇ ਗੁੱਟ ਤੇ ਧਾਗਾ ਬੰਨ੍ਹ ਕੇ ਜੰਗ ਨੂੰ ਤੋਰਦੀ ਤਾਂ ਜੋ ਉਸਨੂੰ ਆਪਣਾ ਵਚਨ ਯਾਦ ਰਹੇ। ਇਹ ਧਾਗਾ ਉਦੋਂ ਤੱਕ ਲਾਹਿਆ ਨਹੀਂ ਸੀ ਜਾਂਦਾ ਜਦੋਂ ਤੱਕ ਇਹ ਆਪਣੇ ਆਪ ਨਾ ਟੁੱਟ ਜਾਵੇ।

ਗੁਰਸਿੱਖ ਬੀਬੀਆਂ ਵੀ ਇਸ ਤਿਓਹਾਰ ਨੂੰ ਮਨਾਉਂਦੀਆਂ ਵੇਖੀਆਂ ਜਾਂਦੀਆਂ ਹਨ। ਉਹ ਦਲੀਲ ਦੇਂਦੀਆਂ ਹਨ ਕਿ ਬੀਬੀ ਨਾਨਕੀ ਨੇ ਵੀ ਆਪਣੇ ਵੀਰ ਗੁਰੂ ਨਾਨਕ ਦੇਵ ਜੀ ਨੂੰ ਰੱਖੜੀ ਬੰਨ੍ਹੀ ਸੀ, ਉਹ ਇਸ ਨੂੰ ਭੈਣ-ਭਰਾ ਦੇ ਪਵਿੱਤਰ ਪਿਆਰ ਦਾ ਚਿੰਨ੍ਹ ਸਮਝਦੀਆਂ ਹਨ, ਉਹਨਾਂ ਨੂੰ ਇਹ ਨਹੀਂ ਪਤਾ ਕਿ ਕੁਝ ਮਨਮਤੀ ਲੇਖਕਾ ਨੇ ਭੈਣ ਨਾਨਕੀ ਤੇ ਵੀਰ ਨਾਨਕ ਸੰਬੰਧੀ ਰੱਖੜੀ ਬੰਨ੍ਹਣ ਦੀ ਮਨਘੜਤ ਕਹਾਣੀ ਜੋੜ ਕੇ ਭੋਲੇ-ਭਾਲੇ ਲੋਕਾਂ ਨੂੰ ਪੁੱਠੇ ਰਸਤੇ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਬਜ਼ਾਰ ਵਿੱਚ ਇਸ ਤਰ੍ਹਾਂ ਦੀਆ ਕਈ ਤਸਵੀਰਾਂ ਵੀ ਮਿਲਦੀਆਂ ਹਨ। ਉਹ ਲੋਕ ਇਹ ਨਹੀਂ ਜਾਣਦੇ ਕਿ ਜਿਸ ਗੁਰੂ ਨੇ ਫੋਕੇ ਕਰਮ-ਕਾਂਡਾਂ ਵਿੱਚ ਵਿਸ਼ਵਾਸ ਹੀ ਨਹੀਂ ਕੀਤਾ ਤੇ ਸਾਨੂੰ ਸਭ ਨੂੰ ਇਹਨਾਂ ਇਸ ਪਾਸੇ ਤੋਂ ਮੋੜਿਆ ਹੈ ਉਹ ਆਪ ਕਿਵੇਂ ਅਜਿਹੀਆ ਰਸਮਾਂ ਵਿੱਚ ਹਿੱਸਾ ਲੈਣ ਲਈ ਤਿਆਰ ਹੋਏ ਹੋਣਗੇ। ਇਕ ਪਾਸੇ ਤਾਂ ਉਹਨਾਂ ਜਨੇਊ ਪਾਉਣ ਤੋਂ ਇਨਕਾਰ ਕੀਤਾ ਸੀ ਤੇ ਦੂਜੇ ਪਾਸੇ ਉਹਨਾਂ ਰੱਖੜੀ ਕਿਵੇਂ ਬੰਨ੍ਹਾਈ ਹੋਵੇਗੀ। ਹਰ ਸਿੱਖ-ਸਿਖਣੀ ਨੂੰ ਰੱਬ ਵਲੋਂ ਰੱਖਿਆ ਮਿਲੀ ਹੋਈ ਹੈ ਜਿਸ ਨੂੰ ਕਿਸੇ ਬਨਾਵਟੀ ਰੱਖਿਆ ਦੀ ਲੋੜ ਨਹੀਂ।

ਭੈਣ-ਭਰਾ ਦਾ ਪਿਆਰ ਤਾਂ ਅਤੋਲਵਾ ਤੇ ਅਮਿਣਵਾਂ ਹੈ ਇਹ ਸਮੁੰਦਰ ਤੋਂ ਵੀ ਡੂੰਘਾ ਹੈ ਇਹ ਪਿਆਰ ਏਨਾ-ਪਵਿੱਤਰ ਤੇ ਸੱਚਾ-ਸੁੱਚਾ ਹੈ ਕਿ ਇਸ ਨੂੰ ਰੱਖੜੀ ਦੇ ਧਾਗੇ ਦੇ ਰੂਪ ਵਿੱਚ ਪ੍ਰਗਟ ਨਹੀਂ ਕੀਤਾ ਜਾ ਸਕਦਾ। ਸਿੱਖ ਲਈ ਤਾ ਆਪਣੀ ਮਾਂ-ਜਾਈ ਭੈਣ ਦੀ ਹੀ ਨਹੀਂ ਸਗੋਂ ਜਗਤ ਦੀ ਹਰ ਮਾਂ ਭੈਣ ਦੀ ਇਜ਼ਤ ਦੀ ਰੱਖਿਆ ਕਰਨਾ ਫ਼ਰਜ਼ ਹੈ ਸਿੱਖ ਦੇ ਹੱਥ ਵਿੱਚ ਕੜਾ ਪਹਿਨਿਆ ਹੁੰਦਾ ਹੈ ਉਸ ਦੇ ਹੱਥ ਤੇ ਬੰਨ੍ਹੀ ਰੱਖੜੀ ਸ਼ੋਭਾ ਨਹੀਂ ਦੇਂਦੀ।

ਹਿੰਦੂ-ਸਮਾਜ ਵਿੱਚ ਔਰਤ ਨੂੰ ਪਸ਼ੂ ਦਾ ਦਰਜਾ ਦਿੱਤਾ ਗਿਆ ਹੈ ਜਿਸ ਦੀ ਜਿਵੇਂ ਜੀਅ ਕਰੇ ਮਾਰ-ਕੁਟਾਈ ਕੀਤੀ ਜਾਵੇ ਉਸਨੂੰ ਪੈਰ ਦੀ ਜੁੱਤੀ ਸਮਝਿਆ ਜਾਵੇ। ਹਰ ਤਰ੍ਹਾਂ ਨਾਲ ਉਸ ਨੂੰ ਦਬਾ ਕੇ ਰੱਖਿਆ ਜਾਵੇ ਇਹ ਇੱਕ ਬਹੁਤ ਸੁਘੜ-ਸਿਆਣੇ ਲੇਖਕ ਤੁਲਸੀ ਦਾਸ ਦੇ ਵਿਚਾਰ ਹਨ ਜਿੰਨ੍ਹਾਂ ਨੇ ਲਿਖਿਆ ਹੈ ਕਿ

"ਢੋਰ, ਗਵਾਰ, ਸ਼ੂਦਰ ਪਸ਼ੂ ਨਾਰੀ ਯੇਹ ਪਾਚੋਂ ਤਾੜਨ ਕੇ ਅਧਿਕਾਰੀ।



www.AKJ.Org

ਤੇ ਦੂਜੇ ਪਾਸੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਪੈਰਾਂ ਹੇਠ ਲਿਤਾੜੀ ਜਾ ਰਹੀ ਇਸਤ੍ਰੀ ਦੀ ਮਹਾਨਤਾ ਨੂੰ ਸਮਝਿਆਂ ਹੋਇਆ ਉਸਦੇ ਹੱਕ ਵਿੱਚ ਅਵਾਜ਼ ਉਠਾਈ ਤੇ ਕਿਹਾ ਕਿ :

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥(੪੭੩)

ਜਿਥੇ ਗੁਰੂ ਜੀ ਨੇ ਇਸਤ੍ਰੀ ਜਾਤੀ ਨੂੰ ਏਨਾ ਉੱਚਾ ਚੁੱਕਿਆ ਉਥੇ ਰੱਖੜੀ ਦਾ ਤਿਓਹਾਰ ਔਰਤ ਨੂੰ ਮਰਦ ਦਾ ਗੁਲਾਮ ਬਣਾਉਂਦਾ ਹੈ। ਹਿੰਦੂ ਮੱਤ ਅਨੁਸਾਰ ਔਰਤ ਇਕ ਅਬਲਾ ਹੈ ਜਿਸ ਕਰਕੇ ਉਹ ਮਰਦ ਤੇ ਨਿਰਭਰ ਹੈ। ਮਰਦ ਚਾਹੇ ਪਿਤਾ-ਪਤੀ ਜਾਂ ਪੁੱਤਰ ਹੋਵੇ।

ਰੱਖੜੀ ਔਰਤ ਨੂੰ ਇਹ ਯਾਦ ਕਰਾਉਂਦੀ ਹੈ ਕਿ ਉਹ ਮਰਦ ਦੀ ਗੁਲਾਮ ਹੈ ਪਰ ਸਿੱਖ ਧਰਮ ਵਿੱਚ ਔਰਤ ਤੇ ਮਰਦ ਬਰਾਬਰ ਹਨ। ਔਰਤ ਆਪਣੀ ਰੱਖਿਆ ਆਪ ਕਰ ਸਕਦੀ ਹੈ। ਸਿੱਖ ਇਤਿਹਾਸ ਨੂੰ ਪੜ੍ਹ ਕੇ ਵੇਖੋ। ਬੀਬੀਆਂ ਨੇ ਬਹਾਦਰੀ ਦੇ ਉਹ ਉਹ ਕਾਰਨਾਮੇ ਕੀਤੇ ਹਨ ਕਿ ਸਾਰੇ ਸੰਸਾਰ ਨੂੰ ਹੈਰਾਨ ਕਰ ਦਿੱਤਾ ਹੈ। ਇਕ ਕਵੀ ਨੇ ਬੀਬੀ ਸਾਹਿਬ ਕੌਰ ਦੀ ਬਹਾਦਰੀ ਬਾਰੇ ਕੁਝ ਲਾਈਨਾ ਲਿਖੀਆ ਹਨ:

"ਲਿਖਿਆ ਸਾਹਿਬ ਕੌਰ ਨੇ ਅੰਟਾਰਾਓ ਤਾਣੀ।
ਮੈਂ ਚੰਡੀ ਗੋਬਿੰਦ ਸਿੰਘ ਦੀ ਵੈਰੀਦਲ ਖਾਣੀ।
ਮੈਂ ਨਾਗਣ ਡੰਗਾਂ ਜਿਸ ਨੂੰ ਨਹੀਂ ਮੰਗਦਾ ਪਾਣੀ।
ਮੈਂ ਸ਼ੀਹਣੀ ਪੰਜ ਦਰਿਆ• ਦੀ ਮੈਨੂੰ ਕਲੀ ਨਾ ਜਾਣੀ"

ਸਿੱਖ ਬੀਬੀਆ ਨੂੰ ਕੇਵਲ ਆਪਣੀ ਰੱਖਿਆ ਹੀ ਨਹੀਂ ਕੀਤੀ ਸਗੋਂ ਦੇਸ਼ ਤੇ ਕੌਮ ਦੀ ਰੱਖਿਆ ਵਿੱਚ ਵੀ ਮਰਦਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਬਹਾਦਰੀ ਦਾ ਸਬੂਤ ਦਿੱਤਾ ਹੈ। ਮਾਈ ਭਾਗੋ ਵਰਗੀਆਂ ਸਿੰਘਣੀਆਂ ਨੇ ਵੈਰੀ ਦੇ ਛੱਕੇ ਛੁੜਾ ਦਿੱਤੇ।

ਸਿੱਖ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਹਮਲਾ ਕੀਤਾ ਤਾਂ ਹਜ਼ਾਰਾ ਔਰਤਾ ਨੂੰ ਚੁੱਕ ਕੇ ਲੈ ਗਿਆ ਤੇ ਰੱਖੜੀਆਂ ਬੰਨਵਾਉਣ ਵਾਲੇ ਵੀਰ ਉਹਨਾਂ ਦੀ ਇਜ਼ਤ ਦੀ ਰਾਖੀ ਕਰਨ ਤੋਂ ਅਸਮਰਥ ਰਹੇ ਪਰ ਇਸ ਦੇ ਉਲਟ ਕੜੇ ਤੇ ਕ੍ਰਿਪਾਨਾ ਪਹਿਨਣ ਵਾਲੇ ਸਿਖਾ ਨੇ ਹਜ਼ਾਰਾ ਹਿੰਦੂ• ਮਾਵਾਂ-ਭੈਣਾਂ ਨੂੰ ਧਾੜਵੀਆਂ ਤੋਂ ਬਚਾਇਆ।

ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਰੱਖੜੀ ਦੇ ਤਿਓਹਾਰ ਨੇ ਨਵਾ-ਰੂਪ ਧਾਰ ਲਿਆ। ਪਹਿਲਾਂ ਪਹਿਲ ਇਹ ਰਸਮ ਬੜੀ ਸਾਦੀ ਹੁੰਦੀ ਸੀ। ਮੌਲੀ ਦਾ ਸੂਤੀ ਧਾਗਾ ਜਿਸ ਤੇ ਦੋ ਚਾਰ ਲੋਗੜੀ ਦੇ ਫੁੰਮਣ ਲਾਕੇ ਰੱਖੜੀ ਤਿਆਰ ਕਰ ਲਈ ਜਾਂਦੀ ਸੀ ਤੇ ਗੁੜ ਦੀ ਡਲੀ ਨਾਲ ਵੀਰ ਦਾ ਮੂੰਹ ਮਿੱਠਾ ਕਰਵਾ ਦਿੱਤਾ ਜਾਂਦਾ ਸੀ ਪਰ ਹੁਣ ਤਾਂ ਰੱਖੜੀ ਦੇ ਤਿਓਹਾਰ ਤੇ ਦੁਕਾਨਾਂ ਤਰ੍ਹਾਂ ਦੇ ਡਜ਼ਾਇਨਾ ਵਾਲੀਆ ਵੱਧ ਤੋਂ ਵੱਧ ਮੁਲ ਵਾਲੀਆਂ ਰੱਖੜੀਆਂ ਨਾਲ ਭਰੀਆ ਹੁੰਦੀਆਂ ਹਨ ਤੇ ਹਲਵਾਈਆਂ ਦੀਆਂ ਦੁਕਾਨਾਂ ਤੇ ਮਠਿਆਈਆ ਦੇ ਅੰਬਾਰ ਲੱਗੇ ਹੁੰਦੇ ਹਨ। ਜੋ ਰੱਖੜੀ ਵਾਲੇ ਦਿਨ ਸਭ ਵਿਕ ਜਾਂਦੇ ਹਨ। ਭੈਣਾਂ ਲਈ ਰੱਖੜੀ ਇੱਕ ਸੌਦੇ ਬਾਜੀ ਬਣ ਕੇ ਰਹਿ ਗਈ ਹੈ। ਦੇਖਿਆ ਗਿਆ ਹੈ ਕਿ ਭੈਣ-ਭਰਾ ਭਾਵੇਂ ਇੱਕ ਦੂਜੇ ਦੀ ਖੁਸ਼ੀ ਗਮੀ ਵਿੱਚ ਹਿੱਸਾ ਲੈਣ ਜਾਂ ਨਾ ਪਰ ਰੱਖੜੀ ਤੇ ਭੈਣਾਂ ਨੂੰ ਵੀਰਾਂ ਤੋਂ ਤੋਹਫੇ ਲੈਣ ਦਾ ਰਿਵਾਜ ਵੱਧ ਗਿਆ ਹੈ। ਅਜਕਲ੍ਹ ਪਿਆਰ ਨੂੰ ਪੈਸੇ ਨਾਲ ਤੋਲਿਆ ਜਾ ਰਿਹਾ ਹੈ।

ਗੁਰਸਿੱਖ ਬੀਬੀਆਂ ਲਈ ਰੱਖੜੀ ਦੇ ਤਿਓਹਾਰ ਦਾ ਕੋਈ ਮਹੱਤਵ ਨਹੀਂ ਉਹਨਾਂ ਦਾ ਮਨੋਬਲ ਰੱਖੜੀ ਬੰਨ੍ਹਣ ਵਾਲੀਆਂ ਬੀਬੀਆਂ ਤੋਂ ਕਈ ਗੁਣਾ ਉੱਚਾ ਹੁੰਦਾ ਹੈ ਉਸ ਅੰਦਰ ਆਪਣੀ ਰੱਖਿਆ ਆਪ ਕਰਨ ਦੀ ਹਿੰਮਤ ਹੁੰਦੀ ਹੈ ਸਾਹਸ ਹੁੰਦਾ ਹੈ।

ਇਸ ਲਈ ਗੁਰਸਿੱਖ ਭੈਣਾ ਨੂੰ ਰੱਖੜੀ ਬੰਨ੍ਹਣ ਦੀ ਲੋੜ ਨਹੀਂ। ਜੋ ਬੀਬੀਆ ਅੰਮ੍ਰਿਤਧਾਰੀ ਹਨ ਉਹਨਾ ਪਾਸ ਗਾਤਰਾ (ਕ੍ਰਿਪਾਨ) ਹੈ। ਉਹ ਕਿਸੇ ਤੇ ਨਿਰਭਰ ਨਹੀਂ ਹਨ। ਗੁਰੂ ਦੀ ਦਿੱਤੀ ਕ੍ਰਿਪਾਨ ਅੰਗ-ਸੰਗ ਹੈ ਤਾਂ ਖ਼ਤਰਾ ਕਾਹਦਾ ? ਸੋ ਅਜਿਹੇ ਅਨਮਤੀ ਤਿਓਹਾਰ ਤਿਆਗ ਦੇਣੇ ਚਾਹੀਦੇ ਹਨ। ਅੱਜ ਦੀ ਔਰਤ ਜਾਗਰੂਕ ਹੈ ਉਹ ਹਰ ਖ਼ਤਰੇ ਦਾ ਟਾਕਰਾ ਕਰ ਸਕਦੀ ਹੈ। ਕ੍ਰਿਪਾਨ ਦੀ ਧਾਰਨੀ ਬੀਬੀ ਦੂਜੀਆ ਬੀਬੀਆ ਤੋਂ ਵਧੇਰੇ ਸੁਰੱਖਿਅਤ ਹੁੰਦੀ ਹੈ ਸੋ ਸਾਨੂੰ ਰੱਖੜੀ ਨਾਮ ਦਾ ਤਿਓਹਾਰ ਤਿਆਗ ਦੇਣਾ ਚਾਹੀਦਾ ਹੈ।



www.AKJ.Org

# ਪੰਚ ਜਨ

ਪੰਚ ਜਨ ਉਹ ਹਨ, ਜਿਨ੍ਹਾਂ ਦੀ ਬਿਰਤੀ ਅਠੋ ਪਹਿਰ ਗੁਰੂ ਅਤੇ ਨਾਮ ਨਾਲ ਹੀ ਜੁੜੀ ਰਹੇ ਅਤੇ ਜੋ ਹਰ ਦਮ ਗੁਰ ਸੇਤੀ ਹੀ ਸਨਮੁਖ ਰਹਿਣ। ਜੈਸਾ ਕਿ ਏਸ (ਅਗਲੇਰੇ) ਗੁਰਵਾਕ ਦਾ ਭਾਵ ਹੈ। ਯਥਾ ਗੁਰਵਾਕ :

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ॥
ਹੋਵੈ ਤਾ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ॥
ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ।
ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ॥
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ॥੨੧॥ (ਪੰਨਾ ੯੧੯)

ਅਜਿਹੇ ਅਤੇ ਕੇਵਲ ਅਜਿਹੇ ਸਨਮੁਖ ਸਿੱਖਾਂ ਦਾ ਨਾਉਂ ਹੀ ਪੰਚ ਜਨ ਹੋ ਸਕਦਾ ਹੈ ਅਤੇ ਅਜਿਹੇ ਪੰਜਾਂ ਦਾ ਪੁੰਜ ਹੀ ਉਸ ਅੰਮ੍ਰਿਤ ਰੂਪੀ ਔਖਧੀ ਨੂੰ ਤਿਆਰ ਕਰਨ ਹਿਤ ਗੁਰਮਤਿ ਅੰਦਰ 'ਪੰਚ ਪਰਵਾਣ' ਦੇ ਭਾਵ ਅਨੁਸਾਰ ਪ੍ਰਮਾਣੀਕ ਹੈ। ਅਤੇ ਕੇਵਲ ਅਜਿਹੇ ਗੁਰਮੁਖ ਪੰਚ ਜਨਾਂ ਦੇ ਪੁੰਜ ਨੂੰ ਹੀ 'ਗੁਰੂ ਦੁਆਰੈ ਹੋਇ' ਕੈਂ ਅੰਮ੍ਰਿਤ ਰੂਪੀ ਔਖਧੀ ਦੇ ਤਿਆਰ ਕਰਨ ਹਿਤ 'ਪੰਚ ਪਰਧਾਨ' ਵਾਲੇ ਵਾਕ ਦੇ ਭਾਵ ਅਨੁਸਾਰ ਗੁਰੂ ਵਲੋਂ ਪ੍ਰਧਾਨਤਾ ਪ੍ਰਾਪਤ ਹੋ ਸਕਦੀ ਹੈ। ਪ੍ਰੰਤੂ ਅਜੱਕਲ੍ਹ ਪੰਥ ਅੰਦਰ ਏਸ ਤੋਂ ਐਨ ਉਲਟ ਪਰਪੰਚ ਪੇਖਣ ਵਿਚ ਆਉਂਦਾ ਹੈ। ਜਿਸ ਪਰਪੰਚੀ ਵਿਚ ਰੰਚਕ ਭੀ ਗੁਰਮਤਿ ਦਾ ਗੁਣ ਨਹੀਂ ਘਟਦਾ ਅਤੇ ਜੋ ਨਿਰਾ ਹਉਮੈ ਅਤੇ ਪਰਪੰਚ ਦਾ ਹੀ ਪੁੰਜ ਹੈ, ਉਹ ਬਾਂਹ ਉਲਾਰ ਉਲਾਰ ਕੇ ਅਤੇ ਮਲੋ ਮੱਲੀ ਅਗਾਹਾ ਵਧ ਕੇ ਆਪਣੇ ਆਪ ਨੂੰ ਪੰਚਾਂ ਦਾ ਭੀ ਸਰਪੰਚ ਬਣਾਇਆਂ ਲੋੜਦਾ ਹੈ ਅਤੇ ਨਿਤ ਨਵੀਆ ਮਨਮਤਾ ਪ੍ਰਚਲਤ ਅਲਤੇ ਪ੍ਰਮਾਣੀਕ ਗੁਰਮਤਿ ਅੰਦਰ ਪਰਚੁਰ ਕਰਕੇ ਕੇਵਲ ਨਵੀਨ ਕਾਢਾਂ ਦਾ ਕਾਢੂ ਬਣਨ ਅਤੇ ਪੰਥ ਅੰਦਰ ਉਘਾ ਹੋਣ ਦੀ ਖ਼ਾਤਰ ਨਿਧੜਕ ਅਤੇ ਨਿਰਭੈ ਹੋ ਕੇ ਗੁਰਮਤਿ ਦੇ ਪਵਿਤਰ ਅਸੂਲਾ ਦੀ ਭੰਨ-ਤੋੜ ਕਰਨੋਂ ਭੀ ਨਹੀਂ ਸੰਕੋਚਦਾ। ਇਹ ਹਉਮੈ ਨਹੀਂ ਤਾਂ ਹੋਰ ਕੀ ਹੈ ? ਪਰਪੰਚ ਪਸਾਰਾ ਨਹੀਂ ਤਾ ਹੋਰ ਕੀ ਹੈ ? ਕੀ ਅਜਿਹੇ ਹਉਮੈ ਦੇ ਪੁੰਜ ਪਰਪੰਚੀ ਪੁਰਸ਼ਾਂ ਦੀ ਪਰਪੰਚ-ਬਿਰਤੀ ਅੰਦਰ ਨਾਮ ਦਾ ਨਿਵਾਸ ਹੋ ਸਕਦਾ ਹੈ ? ਨਿਵਾਸ ਕੀ, ਉਥੇ ਤਾ ਨਾਮ ਦਾ ਲੇਸ ਮਾਤਰ ਨਹੀਂ ਹੋਣਾ ਚਾਹੀਦਾ, ਕਿਉਂਕਿ -

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ॥੧॥੯॥(ਵਡਹੰਸੁ ਮ: ੩, ਪੰਨਾ ੫੬੦)

ਕੇਵਲ ਨਾਮ ਵਿਚ ਰਤੇ ਗੁਰਮੁਖ ਪਿਆਰਿਆ ਨੂੰ ਹੀ ਪੰਚ ਸਦਵਾਉਣ ਦਾ ਅਧਿਕਾਰ ਹੈ, ਪ੍ਰੰਤੂ ਉਹ ਆਪੋ ਕੁਛ ਬਣ ਕੇ ਨਹੀਂ ਬੈਠਦੇ, ਨਾ ਹੀ ਕੁਛ ਸਦਾਉਂਦੇ ਹਨ। ਆਪਾ ਪ੍ਰਗਟ ਕਰਨ ਦੀ ਉਨ੍ਹਾਂ ਦੀ ਬਾਣ ਅਤੇ ਵਾਦੀ ਹੀ ਨਹੀਂ ਹੁੰਦੀ। ਉਹ ਤਾਂ ਨਾਮ ਦੀ ਰੰਗਣ ਵਿਚ ਰੱਤੇ ਹੋਏ ਗੁਰੂ ਦੀ ਯਾਦ ਵ੍ਰਿਚ ਮਸਤ ਅਤੇ ਲਿਵਲੀਨ ਹੋਏ ਗੁਰੂ ਦੀ ਸੰਗਤ ਅੰਦਰ ਵਰਤਦੇ ਹਨ। ਗੁਰੂ ਦਾ ਭੈ ਉਨ੍ਹਾਂ ਦੇ ਰੋਮ ਰੋਮ ਵਿਚ ਰਸਿਆ ਪਿਆ ਹੁੰਦਾ ਹੈ। ਗਰੀਬੀ ਉਨ੍ਹਾ ਦੀ ਗਦਾ ਹੁੰਦੀ ਹੈ। ਉਹ ਪਰਪੰਚੀਆਂ ਵੱਤ ਅਹੰਮੇਵ ਵਿਚ ਮੱਤੇ ਨਹੀਂ ਹੁੰਦੇ, ਕਿਉਂਕਿ ਉਨ੍ਹਾਂ ਨੇ ਨਾਮ ਦੀ ਸੰਜੋਅ ਪਹਿਰ ਰਖੀ ਹੁੰਦੀ ਹੈ, ਜਿਸ ਕਰਕੇ ਹਉਮੈ ਵਾਲੀ ਬਲਾਅ ਉਨ੍ਹਾ ਦੇ ਨੇੜੇ ਨਹੀਂ ਢੁਕਣੀ ਪਾਉਂਦੀ। ਹਉਮੈ ਦਾ ਨਾਵੈ ਨਾਲ ਵਿਰੋਧ ਜੁ ਹੋਇਆ। ਅਜਿਹੇ ਕੇਵਲ ਅਜਿਹੇ ਗੁਰਮੁਖਾ ਪ੍ਰਥਾਇ ਹੀ 'ਪੰਚ' ਦਾ ਪਦ ਸੋਭ ਸਕਦਾ ਹੈ ਅਤੇ ਅਜਿਹੇ ਪੰਚਾ ਦੇ ਪੁੰਜ ਦੁਆਰਾ ਸਾਜਿਆ ਹੋਇਆ ਅੰਮ੍ਰਿਤੀ ਨੁਸਖਾ ਹੀ ਫਲੀਭੂਤ ਹੋ ਸਕਦਾ ਹੈ, ਅਤੇ ਅੰਮ੍ਰਿਤ-ਕਲਾ ਵਰਤਾ ਸਕਦਾ ਹੈ।

(ਹਉਮੈ ਨਾਵੈ ਨਾਲਿ ਵਿਰੋਧੁ ਹੈ, ਟ੍ਰੈਕਟ ਵਿਚੋਂ)

---



www.AKJ.Org

# ਖਾਲਸਾਈ ਵਿਲੱਖਣਤਾ ਦਾ ਪ੍ਰਤੀਕ ਖਾਲਸਾਈ ਲੰਗਰ ਅਤੇ ਬਾਣਾ

*(ਸ੍ਰ: ਅਮਰਦੀਪ ਸਿੰਘ)*

ਅੱਜ ਆਰ. ਐਸ. ਐਸ. ਦੇ ਭੰਡੀ ਪ੍ਰਚਾਰ ਸਦਕਾ ਹਰ ਸਿੱਖ ਸੋਚਣ ਲਈ ਮਜਬੂਰ ਹੋਇਆ ਹੈ ਕਿ "ਸਿੱਖ ਇੱਕ ਵੱਖਰੀ ਕੌਮ ਹਨ"। ਸਾਰੀਆਂ ਹੀ ਪੰਥਕ ਦਾਵੇਦਾਰ ਸੰਸਥਾਵਾਂ ਅਤੇ ਜੱਥੇਬੰਦੀਆਂ ਸਿੱਖ ਇੱਕ ਵੱਖਰੀ ਕੌਮ ਦੇ ਸੰਕਲਪ ਉੱਤੇ ਧਿਆਨ ਕੇਂਦਰਤ ਹੋ ਰਹੀਆ ਹਨ। ਸਿੰਘ ਸਭਾ ਲਹਿਰ ਵੇਲੇ ਦਾ ਜਨਮਿਆ ਨਾਹਰਾ ਹਰ ਸਿੱਖ ਦੇ ਮੂੰਹੋ ਸੁਣਿਆ ਜਾ ਸਕਦਾ ਹੈ ਕਿ "ਹਮ ਹਿੰਦੂ ਨਹੀਂ" ਸਾਰੀਆ ਸਿਆਸੀ ਸਟੇਜਾਂ ਤੋਂ ਵੀ ਇਹ ਬੋਲਾ ਆਮ ਪ੍ਰਚਾਰਿਆ ਜਾ ਰਿਹਾ ਹੈ। ਅਸਲ ਵਿੱਚ ਸਾਨੂੰ ਸਟੇਜਾਂ ਤੋਂ ਕੂਕ-ਕੂਕ ਇਹ ਬੋਲਾ ਦੁਹਰਾਉਣ ਲੋੜ ਕਿਉਂ ਪਈ। ਕਿਉਂਕਿ ਸਾਨੂੰ ਸਾਡੇ ਵਿਚਾਰਧਾਰਕ ਵਿਰੋਧੀ ਬਾਹਮਣਵਾਦ ਨੇ ਅਪਣਾ ਹਿੱਸਾ ਕਹਿਣਾ ਸ਼ੁਰੂ ਕਰ ਦਿੱਤਾ ਹੈ। ਅੱਜ ਵਿਰੋਧੀਆਂ ਦਾ ਇਹ ਕੂੜ ਪ੍ਰਚਾਰ ਵੀ ਆਮ ਸੁਣਨ ਵਿੱਚ ਆਉਂਦਾ ਹੈ ਕਿ ਸਿੱਖ ਕੇਸਾਧਾਰੀ ਹਿੰਦੂ ਹੀ ਹਨ। ਵਿਰੋਧੀਆਂ ਨੂੰ ਖਾਲਸੇ ਦੀ ਵਿਲੱਖਣਤਾ ਤਾਈਂ ਛੁਟਿਆਉਣ ਦਾ ਹੌਂਸਲਾ ਕਿਵੇਂ ਪਿਆ ? ਕੀ ਸਾਡੇ ਅੰਦਰ ਪੰਥਕ ਪੱਧਰ ਤੇ ਆਈਆਂ ਰਹਿਤ-ਬਹਿਤ ਦੀਆਂ ਘਾਟਾ ਇਸ ਸਭ ਕੁਛ ਲਈ ਜ਼ਿੰਮੇਵਾਰ ਤਾਂ ਨਹੀਂ ? ਆਪਣੇ ਗਿਰੀਵਾਨ ਅੰਦਰ ਝਾਤ ਮਾਰ ਕੇ ਦੇਖਣ ਤੋਂ ਪਤਾ ਚਲਦਾ ਹੈ ਕੁਝ ਹੱਦ ਤੱਕ ਇਸ ਵਿੱਚ ਸਾਡਾ ਆਪਣਾ ਹੀ ਕਸੂਰ ਹੈ। ਹੋਰਾਂ ਘਾਟਾਂ ਤੋਂ ਇਲਾਵਾ ਇਸ ਸਬੰਧ ਵਿੱਚ ਦੋ ਮੁੱਖ ਪ੍ਰੰਪਰਾਵਾ ਜਿਨ੍ਹਾਂ ਤੋਂ ਅੱਜ ਸਾਰਾ ਖਾਲਸਾ ਪੰਥ ਦੂਰ ਹੋ ਰਿਹਾ ਹੈ ਉਹ ਹਨ ਖਾਲਸਈ ਨਿਰਾਲੇ ਪਨ ਦਾ ਪ੍ਰਤੀਕ ਸਰਬ ਲੋਹ ਬਿਬੇਕ ਦਾ ਲੰਗਰ ਅਤੇ ਪੁਰਾਤਨ ਅਕਾਲੀ (ਨਿਹੰਗ) ਬਾਣਾ। ਜੇਕਰ ਸਮੂਹ ਖਾਲਸਾ ਪੰਥ ਇਨ੍ਹਾਂ ਮਹਾਨ ਪੁਰਾਤਨ ਪ੍ਰੰਪਰਾਵਾਂ ਅੰਦਰ ਆਈਆ ਢਿੱਲਾ ਨੂੰ ਦੂਰ ਕਰ ਲਵੇ ਤਾਂ ਕਿਸੇ ਐਰੇ-ਗੈਰੇ ਨੱਥੂ ਖੈਰੇ ਦੀ ਹਿੰਮਤ ਖ਼ਾਲਸਾਈ ਵਿਲੱਖਣਤਾ ਨੂੰ ਛੁਟਿਆਉਣ ਦੀ ਨਹੀਂ ਪੈ ਸਕਦੀ। ਇਥੇ ਸਾਡਾ ਵਿਸ਼ਾ ਇਨ੍ਹਾਂ ਦੋਹਾ ਮਹਾਨਪੁਰਾਤਨ ਪ੍ਰੰਪਰਾਵਾ ਵੱਲ ਕ੍ਰਮਵਾਰ ਧਿਆਨ ਦੁਆਉਣ ਅਤੇ ਵਿਚਾਰ ਕਰਨ ਦਾ ਹੈ :-

1 ਸਰਬਲੋਹ ਬਿਬੇਕ ਲੰਗਰ

੨ ਪੁਰਾਤਨ ਅਕਾਲੀ ਬਾਣਾ

1 ਸਰਬਲੋਹ ਬਿਬੇਕ ਲੰਗਰ : ਗੁਰੂ ਸਾਹਿਬਾਨਾ ਦੇ ਸਮੇਂ ਤੋਂ ਹੀ ਲੰਗਰ "ਪਹਿਲੇ ਪੰਗਤ ਪਾਛੈ ਸੰਗਤ" ਦਾ ਸਿਧਾਂਤ ਗੁਰੂ ਅਮਰਦਾਸ ਜੀ ਵੇਲੇ ਤੋਂ ਹੀ ਪ੍ਰਚੱਲਤ ਸੀ। ਲੰਗਰ ਤਿਆਰ ਕਰਨ ਵਾਲੇ ਜਿਊੜੇ ਨਾਮ ਰਸੀਏ ਬਾਣੀ ਅਤੇ ਬਾਣੇ ਵਿੱਚ ਪ੍ਰਪੱਕ ਹੁੰਦੇ ਸਨ। ਰਹਿਤ ਮਰਯਾਦਾ ਦੇ ਧਾਰਨੀ ਰਸਕ-ਰਸਕ ਨਾਮ ਬਾਣੀ ਦਾ ਅਭਿਆਸ ਕਰਨ ਵਾਲੇ ਗੁਰਮੁਖਾਂ ਦੁਆਰਾ ਤਿਆਰ ਕੀਤਾ ਅਤੇ ਵਰਤਾਏ ਜਾਣ ਵਾਲਾ ਗੱਫਾ ਹੀ ਲੰਗਰ ਅਖਵਾ ਸਕਦਾ ਹੈ। ਲੰਗਰ ਦੇ ਅਗੇਤਰ ਇਕ ਹੋਰ ਸ਼ਬਦ "ਗੁਰੂ ਕਾ" ਆਮ ਤੌਰ ਤੇ ਲਗਾਇਆ ਜਾਂਦਾ ਹੈ, ਭਾਵ ਲੰਗਰ ਨੂੰ ਗੁਰੂ ਕਾ ਲੰਗਰ ਆਖ ਕੇ ਸੰਬੋਧਨ ਕੀਤਾ ਜਾਂਦਾ ਰਿਹਾ ਹੈ ਅਤੇ ਜਾਂਦਾ ਹੈ। ਹੁਣ ਵਿਚਾਰਨ ਵਾਲੀ ਗੱਲ ਹੈ ਕਿ ਲੰਗਰ ਹੋਵੇ ਗੁਰੂ ਕਾ ਅਤੇ ਵਰਤਾਉਣ, ਜ਼ਰਦਾ ਬੀੜੀਆਂ ਖਾਣ ਪੀਣ ਵਾਲੇ ਕੀ ਅਜਿਹਾ ਭੋਜਨ ਜਾਂ ਖਾਧ ਪਦਾਰਥ ਗੁਰੂ ਕਾ ਲੰਗਰ ਅਖਵਾ ਸਕਦਾ ਹੈ ? ਹਰਗਿਜ਼ ਨਹੀਂ। ਕਦਾਚਿਤ ਨਹੀਂ। ਕਈ ਵਿਦਵਾਨ ਸੱਜਣ ਸਰਬਲੋਹ ਉਪਰ ਸ਼ੰਕਾ ਕਰਦੇ ਹਨ ਕਿ ਸਰਬ ਲੋਹ ਦੀ ਕੋਈ ਲੋੜ ਨਹੀਂ। ਉਹਨਾਂ ਵੀਰਾਂ ਨੂੰ ਬੇਨਤੀ ਹੈ ਕਿ ਵੀਰੋ, ਸਰਬ-ਲੋਹ ਅਤੇ ਖਾਲਸੇ ਦਾ ਤਾ ਨਹੁੰ-ਮਾਸ ਦਾ ਰਿਸ਼ਤਾ ਹੈ। ਖਾਲਸੇ ਦਾ ਜਨਮ ਸਰਬ-ਲੋਹ ਦੇ ਖੰਡੇ-ਬਾਟੇ ਵਿਚੋਂ ਹੋਇਆ, ਖਾਲਸੇ ਦੀ ਪਰਖ ਸਰਬ-ਲੋਹ ਦੀ ਤੇਗ ਨਾਲ ਹੋਈ, ਸਰਬ ਲੋਹ ਦੇ ਖੰਡੇ-ਬਾਟੇ ਦੇ ਅੰਮ੍ਰਿਤ ਨੇ ਖਾਲਸੇ ਨੂੰ ਅਮਰਤਾ ਬਖਸ਼ੀ, ਫਿਰ ਸਰਬ-ਲੋਹ ਦੇ ਲੰਗਰ ਪ੍ਰਤੀ ਨਫ਼ਰਤ ਦੀ ਭਾਵਨਾ ਕਿਉਂ? ਕਈ ਸੱਜਣ ਇਹ ਕਹਿੰਦੇ ਹਨ ਕਿ ਸਰਬ-ਲੋਹ ਲੰਗਰ ਦਾ ਵਿਚਾਰ ਪਿਛਾਂਹ ਖਿਚੂ ਜਾਂ ਬਾਹਮਣਵਾਦੀ ਹੈ ਅਤੇ ਅੱਜ ਦੇ ਨਵੇਂ ਜ਼ਮਾਨੇ ਵਿੱਚ ਇਸ ਦੀ ਕੋਈ ਲੋੜ ਨਹੀਂ। ਸਿੰਘੋ, ਸਰਬ-ਲੋਹ ਸਾਡੀ ਜੜ੍ਹ ਹੈ, ਸਾਡੀ ਵਿਰਾਸਤ ਹੈ। ਸਰਬ-ਲੋਹ ਨੂੰ ਪਿਛਾਂਹ ਖਿਚੂ ਜਾਂ ਬਾਹਮਣੀ ਕਰਮ-ਕਾਂਡ ਦੱਸਣ ਵਾਲਿਆਂ ਪ੍ਰਤੀ ਬੇਨਤੀ ਹੈ ਕਿ ਜੇ ਸਰਬ-ਲੋਹ ਪਿਛਾਹ ਖਿਚੂ ਜਾਂ ਬਾਹਮਣਵਾਦੀ ਹੈ ਤਾਂ ਸਤਿਗੁਰੂ ਨੇ ਅੰਮ੍ਰਿਤ ਦੀ ਤਿਆਰੀ ਸਮੇਂ ਸਰਬ-ਲੋਹ ਦੀ ਖੰਡਾ ਬਾਟਾ ਹੀ ਕਿਉਂ ਵਰਤਿਆ ? ਕੀ ਗੁਰੂ ਸਾਹਿਬ ਕਿਸੇ ਹੋਰ ਧਾਤ,



www.AKJ.Org

ਸੋਨੇ-ਚਾਂਦੀ ਆਦਿਕ ਨਾਲ ਅੰਮ੍ਰਿਤ ਦੀ ਤਿਆਰੀ ਨਹੀਂ ਕਰ ਸਕਦੇ ਸੀ ? ਅਸਲ ਵਿੱਚ ਪਿਆਰਿਓ । ਬਾਹਮਣ ਲੋਹੇ ਨੂੰ ਸਭ ਤੋਂ ਮਾੜੀ ਧਾਤ ਸਮਝਦਾ ਸੀ। ਹਿੰਦੂ ਇਤਿਹਾਸ ਵਾਚਣ ਤੋਂ ਪਤਾ ਚਲਦਾ ਹੈ ਕਿ ਬਾਹਮਣ ਸੋਨੇ-ਚਾਂਦੀ ਅਤੇ ਹੋਰ ਮਹਿੰਗੀਆਂ ਧਾਤਾਂ ਦਾ ਲੋਭੀ ਅਤੇ ਸਰਬ-ਲੋਹ ਨੂੰ ਨਿਕਾਰਦਾ ਸੀ। ਬਾਹਮਣਵਾਦੀ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਦੇਖਣ ਤੋਂ ਅੱਜ ਵੀ ਇਹ ਪਤਾ ਚਲਦਾ ਹੈ ਕਿ ਸੋਨੇ ਦੀਆਂ ਟੂੰਬਾਂ ਗਹਿਣਿਆਂ ਨਾਲ ਦੇਵੀ-ਦੇਵਤਿਆਂ ਅਤੇ ਬਾਹਮਣੀ ਵਰਗ ਨੂੰ ਕਿੰਨਾ ਮੋਹ ਸੀ। ਮਨੂੰ ਸਿਮਰਤੀ ਵਿੱਚ ਇਹ ਉਪਦੇਸ਼ ਹੈ, ਬਾਹਮਣ ਸੋਨੇ ਆਦਿ ਦੇ ਬਰਤਨਾਂ ਵਿੱਚ ਖਾਵੇ ਅਤੇ ਸ਼ੂਦਰ ਲੋਹਾ ਵਰਤੇ। ਜੋਤਿਸ਼ ਅਨੁਸਾਰ ਨੀਚ ਸਮਝੇ ਜਾਂਦੇ ਗ੍ਰਹਿ ਸ਼ਨੀ ਨੂੰ ਹੀ ਲੋਹਾ ਪਿਆਰਾ ਦੱਸਿਆ ਜਾਂਦਾ ਹੈ। ਬਾਕੀ ਸਭ ਦੇਵੀ ਦੇਵਤੇ ਸੋਨੇ-ਚਾਂਦੀ ਵਰਗੀਆਂ ਮਹਿੰਗੀਆਂ ਧਾਤਾਂ ਦੇ ਸ਼ੌਕੀਨ ਮੰਨੇ ਜਾਂਦੇ ਹਨ। ਸੋ, ਗੁਰੂ ਸਾਹਿਬ ਵੱਲੋਂ ਸਰਬ-ਲੋਹ ਦੀ ਵਰਤੋਂ ਕਰਨਾ ਅਤੇ ਸਿੰਘਾਂ ਪ੍ਰਤੀ ਸਰਬ-ਲੋਹ ਨੂੰ ਵਰਤਣ ਦਾ ਅਦੇਸ਼ ਦੇਣਾ, ਵਹਿਮ ਪ੍ਰਸਤੀ ਨੂੰ ਕੱਢਣ ਵਿੱਚ ਸਹਾਇਕ ਅਤੇ ਨੀਵਿਆਂ ਨੂੰ ਉੱਚੇ ਕਰਨ ਦਾ ਲਖ਼ਾਇਕ ਹੈ। ਸਰਬ-ਲੋਹ ਨੂੰ ਬੀਤ ਚੁੱਕੇ ਸਮੇਂ ਦੀ ਲੋੜ ਕਹਿਣ ਵਾਲੇ ਵਿਦਵਾਨ ਵੀਰਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਅੱਜ ਵੀ ਅੰਮ੍ਰਿਤ ਦੀ ਤਿਆਰੀ ਕਰਨ ਸਮੇਂ ਖੰਡਾ ਬਾਟਾ ਸਰਬ-ਲੋਹ ਦਾ ਵਰਤਿਆ ਜਾਂਦਾ ਹੈ ਅਤੇ ਦੋ ਮੁੱਖ ਕਕਾਰ ਕੜਾ ਅਤੇ ਕ੍ਰਿਪਾਨ ਸਰਬ-ਲੋਹ ਦੇ ਹੀ ਪਹਿਨਾਏ ਜਾਂਦੇ ਹਨ। ਕੀ ਅਸੀਂ ਕਿਸੇ ਅਖੌਤੀ ਨਵੀਨਤਾ ਵਾਦੀ ਢੁੱਚਰਫਾਹੂ ਵਿਦਵਾਨ ਦੁਆਰਾ ਅੰਮ੍ਰਿਤ ਦੀ ਤਿਆਰੀ ਸਮੇਂ ਸਰਬ-ਲੋਹ ਦੇ ਖੰਡੇ-ਬਾਟੇ ਦੀ ਵਰਤੋਂ ਅਤੇ ਸਰਬ-ਲੋਹ ਦੇ ਕਕਾਰਾਂ ਦੀ ਵਰਤੋਂ ਉੱਤੇ ਕੀਤੇ ਗਏ ਕਿੰਤੂ ਕਰਕੇ ਪੁਰਾਤਨ ਮਰਿਯਾਦਾ ਬਦਲ ਸਕਦੇ ਹਾਂ? ਖਾਲਸਾ ਨਾ ਤਾਂ ਬਾਹਮਣਵਾਦੀ ਹੈ ਅਤੇ ਨਾ ਹੀ ਅਖ਼ੌਤੀ ਨਵੀਨਤਾ ਦੇ ਅਸਰ ਹੇਠ ਆਏ ਅਖੌਤੀ ਅਗਾਂਹ-ਵਧੂਆਂ ਦੀ ਚਾਲੇ-ਘੁਟਾਲੇ ਆਪਣੀ ਖਾਲਸਾਈ ਵਿਰਾਸਤ ਨੂੰ ਛੱਡ ਸਕਦਾ ਹੈ। ਕਈ ਪੰਥਕ ਵਿਦਵਾਨ ਇਹ ਵੀ ਸਵਾਲ ਕਰਦੇ ਹਨ ਕਿ ਬਿਬੇਕੀ ਸਿੰਘ ਦੂਸਰੇ ਸਿੰਘਾਂ ਨੂੰ ਚੰਗੇ ਨਹੀਂ ਸਮਝਦੇ ਇਸ ਕਰਕੇ ਉਹਨਾਂ ਦੇ ਹੱਥਾਂ (ਬਜ਼ਾਰ ਦਾ ਛੱਕਣ ਵਾਲਿਆਂ) ਦਾ ਨਹੀਂ ਛਕਦੇ। ਅਜਿਹੀ ਧਾਰਨਾ ਹੀ ਨਿਰਮੂਲ ਹੈ। ਵਿਚਾਰ ਦੀ ਗੱਲ ਹੈ ਕਿ ਸਤਿਗੁਰੂ ਦਾ ਫੁਰਮਾਨ ਹੈ "ਸੋ ਸਿੱਖ ਸਖਾ ਬੰਧਪੁ ਹੈ ਭਾਈ ਜੇ ਗੁਰੂ ਕੇ ਭਾਣੈ ਵਿਚ ਆਵੈ॥" ਗੁਰੂ ਦੇ ਭਾਣੇ ਅੰਦਰ ਵਿਚਰਣ ਵਾਲਾ ਹੀ ਸਿੱਖ ਹੋ ਸਕਦਾ ਹੈ। ਹਰ ਅੰਮ੍ਰਿਤਧਾਰੀ ਸਿੱਖ ਲਈ ਗੁਰੂ ਕਾ ਹੁਕਮ, ਗੁਰੂ ਕਾ ਭਾਣਾ ਪੰਜਾ ਪਿਆਰਿਆਂ ਦੁਆਰਾ ਦ੍ਰਿੜ੍ਹਾਈ ਜਾਂਦੀ ਰਹਿਤ-ਮਰਿਯਾਦਾ ਹੀ ਹੈ। ਹਰ ਅੰਮ੍ਰਿਤ ਛੱਕਣ ਹਾਰੇ ਪ੍ਰਾਣੀ ਦਾ ਫ਼ਰਜ਼ ਬਣ ਜਾਂਦਾ ਹੈ ਕਿਉਹ ਪੰਜਾ ਪਿਆਰਿਆਂ ਵੱਲੋਂ ਦੱਸੀ ਰਹਿਤ ਨੂੰ ਗੁਰੂ ਕੀ ਰਹਿਤ ਸਮਝੇ ਅਤੇ ਉਸ ਉੱਪਰ ਚੱਲੇ। ਜੇਕਰ ਅਜਿਹਾ ਨਹੀਂ ਤਾਂ ਅਜਿਹਾ ਪ੍ਰਾਣੀ ਸਿੱਖ ਅਖਵਾਉਣ ਦਾ ਹੱਕਦਾਰ ਨਹੀਂ ਹੋ ਸਕਦਾ। ਹਰ ਅੰਮ੍ਰਿਤ ਧਾਰੀ ਨੂੰ ਗੁਰੂ-ਰੂਪ ਪੰਚਾਂ ਵੱਲੋਂ ਹੁਕਮ ਹੁੰਦਾ ਹੈ ਕਿ ਨੜੀਮਾਰ, ਕੁੜੀਮਾਰ, ਰਾਮ-ਰਾਈਏ, ਧੀਰ-ਮਲੀਏ, ਸਿਰ-ਗੁੰਮ, ਰਾਧਾ ਸੁਆਮੀ, ਨਰਕ-ਧਾਰੀਏ ਤੇ ਹੋਰ ਗੁਰੂ-ਡੰਮੀਆਂ ਨਾਲ ਰੋਟੀ-ਬੇਟੀ ਦੀ ਸਾਂਝ ਨਹੀਂ ਕਰਨੀ। ਪਰ ਅਸੀਂ ਬਜ਼ਾਰਾਂ ਵਿੱਚ ਬੜੀ ਬੇਸ਼ਰਮੀ ਨਾਲ ਇਹਨਾਂ ਦੇ ਹੱਥਾਂ ਦਾ ਬਣਾਇਆ ਹੋਇਆ ਸੁਆਹ-ਖੇਹ ਸੁਆਦਾਂ ਨਾਲ ਚਟਮ ਕਰੀ ਜਾਂਦੇ ਹਾਂ ਅਤੇ ਆਪਣੇ ਆਪ ਨੂੰ ਪੰਥਕ ਵਿਦਵਾਨ ਅਤੇ ਸਿੱਖੀ ਦੇ ਝੰਡਾ ਬਰਦਾਰ ਹੋਣ ਦੇ ਦਾਅਵੇ ਕਰਦੇ ਨਹੀਂ ਥੱਕਦੇ। ਫਿਰ ਇਸੇ ਕਰਕੇ ਤਾਂ ਹਰ ਕੱਚੇ-ਪਿੱਲੇ, ਲੱਲੀ-ਛੱਲੀ ਦੀ ਵਿਲੱਖਣ ਖ਼ਾਲਸੇ ਨੂੰ ਆਪਣਾ ਹਿੱਸਾ ਕਹਿਣ ਦੀ ਹਿੰਮਤ ਅੱਜ ਹੋ ਰਹੀ ਹੈ। ਸਰਬ-ਲੋਹ ਬਿਬੇਕ ਲੰਗਰ ਦੀ ਧਾਰਨਾ ਹੀ ਸਾਨੂੰ ਉਪਰੋਕਤ ਮਨ-ਮਤੀਏ ਅਤੇ ਢਿੱਲੜਾਂ ਦੀ ਕੁਸੰਗਤ ਤੋਂ ਬਚਾ ਸਕਦੀ ਹੈ। ਖ਼ਾਲਸੇ ਦੀ ਬਾਣੀ ਨਿਰਾਲੀ, ਖ਼ਾਲਸੇ ਦਾ ਬਾਣਾ ਨਿਰਾਲਾ, ਖ਼ਾਲਸੇ ਦੇ ਬੋਲੇ ਨਿਰਾਲੇ, ਖ਼ਾਲਸੇ ਦਾ ਇਤਿਹਾਸ ਨਿਰਾਲਾ, ਖ਼ਾਲਸੇ ਦਾ ਤੇਜ਼ ਨਿਰਾਲਾ, ਖ਼ਾਲਸੇ ਦੀ ਚਾਲ ਨਿਰਾਲੀ, ਖ਼ਾਲਸੇ ਦੀ ਢਾਲ ਨਿਰਾਲੀ, ਖ਼ਾਲਸੇ ਦਾ ਅਸ਼ਤਰ, ਬਸ਼ਤਰ, ਸ਼ਸਤਰ, ਸਜਾਉਣ ਦਾ ਢੰਗ ਨਿਰਾਲਾ। ਤਾਂ ਖ਼ਾਲਸਾ ਜੀ ਤੁਸੀਂ ਹੀ ਦੱਸੋ ਖ਼ਾਲਸੇ ਦਾ ਲੰਗਰ ਅਨ-ਮਤੀਆਂ ਨਾਲ ਸਾਂਝਾ ਕਿਵੇਂ ਹੋ ਸਕਦਾ ਹੈ? ਇੱਥੇ ਇਹ ਦੱਸਣਾ ਜ਼ਰੂਰੀ ਹੋ ਜਾਂਦਾ ਹੈ ਕਿ ਗੁਰੂ ਕਾ ਲੰਗਰ ਹਰ ਪ੍ਰਾਣੀ ਮਾਤਰ ਦੇ ਛੱਕਣ ਲਈ ਤਾਂ ਹੈ ਪਰ ਲੰਗਰ ਦੀ ਤਿਆਰੀ ਅਤੇ ਵਰਤਾਉਣ ਦੀ ਸੇਵਾ ਰਹਿਤ ਬਹਿਤ ਵਾਲੇ ਅਤੇ ਬਾਣੀ ਤੇ ਬਾਣੇ ਵਿੱਚ ਪ੍ਰਪੱਕ ਗੁਰੂ ਕੇ ਸਿੰਘ ਹੀ ਕਰ ਸਕਦੇ ਹਨ। ਅੱਜ ਦੇ ਸਮੇਂ ਦੀ ਮੁੱਖ ਮੰਗ ਹੈ ਕਿ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ



www.AKJ.Org

ਪ੍ਰਬੰਧਕ ਕਮੇਟੀ ਦੇ ਅਧੀਨ ਲੰਗਰਾਂ ਵਿਚ ਅਨਮਤੀਆਂ, ਬੇ-ਅੰਮ੍ਰਿਤੀਆਂ ਨੂੰ ਲੰਗਰ ਵਰਤਾਉਣ ਤੇ ਠੱਲ ਪਾਈ ਜਾਵੇ ਤਾਂ ਕਿ ਖ਼ਾਲਸਾਈ ਲੰਗਰ ਦੀ ਵਿਲੱਖਣਾ ਕਾਇਮ ਰਹਿ ਸਕੇ। ਸਿੰਘ-ਸਭਾ ਲਹਿਰ ਸਮੇਂ ਹੇਠ ਲਿਖੀਆਂ ਪ੍ਰਸਿੱਧ ਪੰਥਕ ਹਸਤੀਆਂ ਅਤੇ ਜਥੇਬੰਦੀਆਂ ਸਰਬ-ਲੋਹ ਬਿਬੇਕ ਦੀਆਂ ਪੱਕੇ ਤੌਰ ਤੇ ਧਾਰਨੀ ਸਨ। ਜਿਨ੍ਹਾਂ ਦੇ ਉੱਦਮ ਸਦਕਾ ਆਰੀਆ ਸਮਾਜ ਦੇ ਕੂੜ ਪ੍ਰਚਾਰ ਨੂੰ ਠੱਲ ਪਾਈ ਜਾ ਸਕੀ ਸੀ :-

1 ਪੰਚ ਖ਼ਾਲਸਾ ਦੀਵਾਨ ਭਸੌੜ :- ਪੰਚ ਖ਼ਾਲਸਾ ਦੀਵਾਨ ਭਸੌੜ ਦੇ ਅੰਮ੍ਰਿਤਧਾਰੀ ਸਿੰਘ ਅਤੇ ਬੀਬੀਆਂ ਸਰਬ-ਲੋਹ ਬਿਬੇਕ ਦੀ ਰਹਿਤ ਦੇ ਧਾਰਨੀ ਹੁੰਦੇ ਸਨ। ਇਨ੍ਹਾਂ ਦੇ ਉੱਦਮ ਸਦਕਾ ਸਭ ਤੋਂ ਪਹਿਲਾਂ ਬਾਟਾ-ਅਭੇਦੀ ਲਹਿਰ ਸ਼ੁਰੂ ਹੋਈ ਸੀ। ਇਸ ਜਥੇਬੰਦੀ ਦੇ ਦਰਜ਼ਨਾਂ ਸਰਬ-ਲੋਹੀ ਸਿੰਘਾਂ ਦੇ ਨਾਮ ਗਿਣੇ ਜਾ ਸਕਦੇ ਹਨ। ਜਿਵੇਂ ਕਿ : ਭਾਈ ਵਸਾਵਾ ਸਿੰਘ ਨਿਹੰਗ ਭਸੌੜ, ਛਾਬਾ ਸਿੰਘ ਨਿਹੰਗ ਭਸੌੜ, ਬਾਬਾ ਅਲੋਖ ਸਿੰਘ ਪਿੰਡ ਖੇੜੀ, ਭਾਈ ਤਖ਼ਤ ਸਿੰਘ (ਫਿਰੋਜ਼ਪੁਰ) ਗਿਆਨੀ ਬਚਿੱਤਰ ਸਿੰਘ ਪੰਚ ਖਾਲਸਾ ਅਤੇ ਗਿਆਨੀ ਸ਼ੇਰ ਸਿੰਘ, ਪੰਡਿਤ ਕਰਤਾਰ ਸਿਸੰਘ ਦਾਖ਼ਾ ਆਦਿ; ਸਾਰੇ ਸੱਜਣ ਸਰਬ-ਲੋਹ ਬਿਬੇਕ ਦੀ ਧਾਰਨਾ ਦੇ ਕੱਟੜ ਹਮਾਇਤੀ ਸਨ।

੨ ਭਾਈ ਸਾਹਿਬ ਭਾਈ ਰਣਧੀਰ ਸਿੰਘ ਅਤੇ ਉਹਨਾਂ ਦਾ ਜੱਥਾ :- ਸੰਤ ਸਰੂਪ ਭਾਈ ਰਣਧੀਰ ਸਿੰਘ ਆਪ ਖ਼ੁਦ ਸਰਬ-ਲੋਹ ਬਿਬੇਕ ਦੀ ਰਹਿਤ ਦੇ ਕੱਟੜ ਧਾਰਨੀ ਸਨ। ਆਪ ਜੀ ਨੂੰ ਸਰਬ-ਲੋਹ ਦੀ ਰਹਿਤ ਧਾਰਨਾ ਕਰਕੇ ਜੇਲ੍ਹਾਂ ਅੰਦਰ ਕਸ਼ਟ ਸਹਾਰਨੇ ਪਏ। ਕਈ ਵਾਰ ਫਾਕੇ-ਕੜਾਕੇ ਵੀ ਕੱਟਣੇ ਪਏ। ਆਪ ਜੀ ਦੀ ਅਗਵਾਈ ਸਮੇਂ ਜੱਥੇ ਪਾਸੋਂ ਅੰਮ੍ਰਿਤ ਛੱਕਣ ਵਾਲੇ ਗੁਰਮੁਖਾਂ ਨੂੰ ਸਰਬ-ਲੋਹ ਬਿਬੇਕ ਰੱਖਣਾ ਜ਼ਰੂਰੀ ਹੁੰਦਾ ਸੀ। ਪਰ ਸਮਾਂ ਪੈਣ ਤੇ ਅੱਜਕਲ੍ਹ ਢਲਿਆਈ ਆ ਚੁੱਕੀ ਹੈ। ਜੱਥੇ ਦੇ ਮੋਹਰੀ ਸੱਜਣਾ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਇਸ ਪਾਸੇ ਧਿਆਨ ਦਿੱਤਾ ਜਾਵੇ।

3 ਭਿੰਡਰਾਂ ਵਾਲੀ ਟਕਸਾਲ :- ਪੰਥ ਦੀ ਪ੍ਰਸਿੱਧ ਹਸਤੀ ਗਿਆਨੀ ਗੁਰਬਚਨ ਸਿੰਘ ਖਾਲਸਾ ਭਿੰਡਰਾਂ ਵਾਲੇ ਅਤੇ ਆਪ ਜੀ ਦੀ ਸੰਸਥਾ ਦੇ ਸਾਰੇ ਸਿੰਘ ਬਿਬੇਕ ਦੀ ਰਹਿਤ ਦੇ ਧਾਰਨੀ ਸਨ। ਇਸੇ ਕਰਕੇ ਸੰਤ ਗੁਰਬਚਨ ਸਿੰਘ ਭਿੰਡਰਾਂਵਾਲੇ ਅਤੇ ਭਾਈ ਰਣਧੀਰ ਸਿੰਘ ਦਾ ਆਪਸੀ ਪਿਆਰ-ਸਤਿਕਾਰ ਕਾਫ਼ੀ ਜ਼ਿਆਦਾ ਸੀ। ਅੱਜ ਵੀ ਭਿੰਡਰਾਂ ਵਾਲੇ ਜੱਥੇ ਦੇ ਸਿੰਘ ਬਜ਼ਾਰ ਵਿੱਚ ਅਨਮਤੀਆਂ ਦੁਆਰਾ ਬਣਾਈਆਂ ਚੀਜ਼ਾਂ-ਵਸਤਾਂ ਖਾਣ ਦੇ ਸਖ਼ਤ ਵਿਰੋਧੀ ਹਨ।

4 ਅਕਾਲੀ ਕੌਰ ਸਿੰਘ ਨਿਹੰਗ :- ਗੁਰੂ ਗ੍ਰੰਥ ਸਾਹਿਬ ਦਾ ਤੁਕ-ਤਤਕਰਾ ਕਰਨ ਵਾਲੇ ਮਹਾਨ ਪੰਥਕ ਵਿਦਵਾਨ ਅਕਾਲੀ ਕੌਰ ਸਿੰਘ ਨਿਹੰਗ ਖ਼ੁਦ ਸਰਬ-ਲੋਹ ਬਿਬੇਕ ਲੰਗਰ ਦੇ ਧਾਰਨੀ ਸਨ। ਆਪ ਜੀ ਨੇ ਅੰਮ੍ਰਿਤ ਛੱਕਣ ਸਾਰ ਹੀ ਸਰਬ-ਲੋਹ ਬਿਬੇਕ ਦੀ ਰਹਿਤ ਅਪਨਾ ਲਈ ਸੀ ਅਤੇ ਆਯੂ-ਪ੍ਰਯੰਤ ਨਿਬਾਹੀ।

5 ਬਾਬਾ ਮਿੱਤ ਸਿੰਘ ਨਿਹੰਗ ਮੁੰਡਿਆਣੀ :- ਆਪ ਜੀ ਵੀ ਸਰਬ-ਲੋਹ ਬਿਬੇਕ ਦੇ ਕੱਟੜ ਧਾਰਨੀ ਸਨ। ਇਸੇ ਲਿਈ ਆਪ ਜੀ ਨੂੰ ਬਿਬੇਕਾ ਸਿੰਘ ਵੀ ਕਿਹਾ ਜਾਂਦਾ ਸੀ। ਆਪ ਜੀ ਨੇ ਮੁਕਟ ਪਿੰਡ ਨੰਦੇੜ ਸਾਹਿਬ ਵਿਖੇ ਮਾਤਾ ਸਾਹਿਬ ਕੌਰ ਦੀ ਯਾਦ ਵਿੱਚ ਗੁਰਦੁਆਰਾ ਤਿਆਰ ਕਰਵਾਇਆ ਜਿੱਥੇ ਅੱਜ ਵੀ ਸਰਬ-ਲੋਹ ਬਿਬੇਕ ਦੇ ਪਹਿਰੇ ਦਾ ਲੰਗਰ ਤਿਆਰ ਹੁੰਦਾ ਹੈ।

6 ਨਿਹੰਗ ਸ਼ਮਸ਼ੇਰ ਸਿੰਘ ਸੁਧਾਰ :- ਆਪ ਜੀ ਬੜੀ ਉੱਚੀ ਅਵਸਥਾ ਦੇ ਸਿੰਘ ਸਨ। ਆਪ ਜੀ ਵੀ ਸਰਬ-ਲੋਹ ਬਿਬੇਕੀ ਸਿੰਘ ਸਨ। ਆਪ ਜੀ ਦੇ ਉੱਦਮ ਅਤੇ ਭਵਿੱਖਤ ਬਚਨਾ ਸਦਕਾ ਅੱਜ ਸੁਧਾਰ ਪਿੰਡ ਵਿੱਚ ਮਿੰਨੀ ਯੂਨੀਵਰਸਿਟੀ ਦੇ ਨਾਮ ਨਾਲ ਜਾਣੀਆਂ ਜਾਂਦੀਆਂ ਵਿਦਿਅਕ ਸੰਸਥਾਵਾਂ ਚਲ ਰਹੀਆਂ ਹਨ। ਅਕਾਲੀ ਬਾਣੇ ਵਿੱਚ ਪ੍ਰਪੱਕ ਹੋਣ ਦੇ ਨਾਲ-ਨਾਲ ਆਪ ਜੀ ਸਰਬ-ਲੋਹ ਬਿਬੇਕੀ ਪਹਿਰੇ ਵਾਲੇ ਸਿੰਘ ਸਨ।

7 ਹੋਰ ਨਿਹੰਗ ਸਿੰਘ ਸੰਪਰਦਾਵਾਂ : ਸਾਰੀਆ ਹੀ ਨਿਹੰਗ ਸਿੰਘਾਂ ਦੀਆਂ ਸੰਪਰਦਾਵਾਂ ਅੰਦਰ ਸਰਬ-ਲੋਹ ਬਿਬੇਕ ਦੇ ਪਹਿਰੇ ਦਾ ਲੰਗਰ ਬਣਾਇਆ ਜਾਂਦਾ ਹੈ। ਬੁਢਾ-ਦਲ, ਤਰਨਾ-ਦਲ, ਹਰੀਆਂ ਵੇਲਾ, ਗੁਰੂ ਨਾਨਕ-ਦਲ ਮੜ੍ਹੀਆਂ ਵਾਲਾ, ਬਿਧੀ ਚੰਦਾਂ ਦਾ ਦਲ ਅਤੇ ਹੋਰ ਨਿਹੰਗ ਸਿੰਘ ਦਲਾਂ ਅੰਦਰ ਅੱਜ ਵੀ ਸਰਬ-ਲੋਹ ਬਿਬੇਕ ਦੇ ਪਹਿਰੇ ਦਾ ਲੰਗਰ ਤਿਆਰ ਹੁੰਦਾ ਹੈ। ਸਾਰੇ ਹੀ ਦਲਾ ਵਿੱਚ ਬਿਬੇਕੀ ਪਹਿਰੇ ਵਾਲੇ ਸਿੰਘ ਮਿਲ ਜਾਂਦੇ ਹਨ।

ਸੋ ਉਪਰੋਕਤ ਤੱਥਾਂ ਤੋਂ ਜ਼ਾਹਿਰ ਹੋ ਜਾਂਦਾ ਹੈ ਕਿ ਸਰਬ-ਲੋਹ ਬਿਬੇਕ ਦੀ ਧਾਰਨਾ ਵਾਲਾ ਖਾਲਸਾਈ



www.AKJ.Org

ਲੰਗਰ ਬਾਹਮਣਵਾਦੀ ਜਾਂ ਪਿਛਾਂਹ-ਖਿਚੂ ਸੋਚ ਦਾ ਲਖ਼ਾਇਕ ਨਹੀਂ ਸਗੋਂ ਵਿਲੱਖਣ ਖ਼ਾਲਸਈ ਸਪਿਰਿਟ ਦਾ ਪ੍ਰਤੀਕ ਹੈ। ਅੱਜ ਦੇ ਸਮੇਂ ਦੀ ਮੁੱਖ ਲੋੜ ਹੈ ਕਿ ਸਰਬ-ਲੋਹ ਬਿਬੇਕ ਦੇ ਲੰਗਰ ਦੀ ਧਾਰਨਾ ਨੂੰ ਦੁਬਾਰਾ ਸਾਰੇ ਪੰਥ ਵਿੱਚ ਸੁਰਜੀਤ ਕੀਤਾ ਜਾਵੇ. ਇਹ ਬਾਹਮਣਵਾਦੀ ਅਤੇ ਨਾਸਤਿਕ ਵਿਚਾਰਧਾਰਾ ਦੇ ਟੂੱਕੜ-ਬੋਚ ਪ੍ਰਚਾਰਕਾਂ ਦੇ ਮੂੰਹ ਤੇ ਕਰਾਰੀ ਚਪੇੜ ਹੋਵੇਗੀ।

## ੨. ਅਕਾਲੀ ਬਾਣਾ (ਨਿਹੰਗ ਬਾਣਾ)

ਇਸ ਲੇਖ ਦੇ ਦੂਸਰੇ ਭਾਗ ਵਿੱਚ ਅਸੀਂ ਖ਼ਾਲਸਈ ਬਾਣੇ ਦੀ ਵਿਲੱਖਣਤਾ ਬਾਰੇ ਵਿਚਾਰ ਕਰਨੀ ਹੈ। ਖ਼ਾਲਸਈ ਅਕਾਲੀ ਬਾਣਾ ਸਾਨੂੰ ਹੋਰ ਅਨਮਤੀ ਅਠਧਰਮੀ ਲੋਕਾਂ ਕੋਲੋਂ ਵਿਲੱਖਣ ਰੱਖਦਾ ਹੈ। ਅੱਜ ਬਾਣੇ ਦੇ ਸੰਬੰਧ ਵਿੱਚ ਕਾਫ਼ੀ ਢਿੱਲੜਤਾਈਆਂ ਸਿੱਖ ਪੰਥ ਦੇ ਦਰਪੇਸ਼ ਹਨ। ਤਾਨਾਸ਼ਾਹੀ ਹਿੰਦੂਤਵੀ ਲੋਕਾਂ ਅਤੇ ਸਰਕਾਰਾਂ ਵੱਲੋਂ ਸਿੱਖ ਕੌਮ ਦੀ ਵਿਲੱਖਣਤਾ ਖ਼ਤਮ ਕਰਣ ਹਿੱਤ ਬੜੀ ਸੋਚੀ ਸਮਝੀ ਢਾਲ ਅਧੀਨ ਖ਼ਾਲਸਈ ਬਾਣੇ ਉੱਪਰ ਹਮਲੇ ਹੋ ਰਹੇ ਹਨ। ਗੁਰੂ ਸਾਹਿਬ ਨੇ ਖ਼ਾਲਸੇ ਪੰਥ ਦੇ ਨਾਲ-ਨਾਲ ਅਕਾਲੀ ਬਾਣੇ ਦੇ ਧਾਰਨੀ ਵੀ ਬਣਾਇਆ। ਪਰ ਅੱਜ ਵਿਰੋਧੀਆਂ ਦੀਆਂ ਚਾਲਾਂ ਜਾ ਸਾਡੀਆਂ ਆਪਣੀਆਂ ਢਿੱਲਾ ਕਰਕੇ ਪੰਥ ਅਕਾਲੀ ਬਾਣੇ ਤੋਂ ਦੂਰ ਹੁੰਦਾ ਜਾ ਰਿਹਾ ਹੈ। ਚੰਦ-ਤੋੜੇ, ਖੰਡੇ-ਚੱਕਰ ਤੇ ਬਾਣਾ ਤਾਂ ਦੂਰ ਰਿਹਾ ਵੱਡੇ-ਵੱਡੇ ਪੰਥਕ ਅਖਵਾਉਂਦੇ ਵਿਦਵਾਨ ਵੀ ਕਮੀਜ਼ ਉਪਰੋਂ ਕਿਰਪਾਨ ਪਾਉਣੋਂ ਵੀ ਸ਼ਰਮ ਮਹਿਸੂਸ ਕਰਦੇ ਹਨ। ਸਗੋਂ ਅਕਾਲੀ ਬਾਣੇ ਉੱਪਰ ਮਨ ਆਈਆਂ ਢੁੱਚਰਾਂ ਕੱਸਦੇ ਅਤੇ ਵਿਅੰਗ ਕਰਦੇ ਹਨ। ਨਿਹੰਗ ਸਿੰਘ ਦੇ ਬਾਣੇ ਨੂੰ ਨੰਗਾ ਦਾ ਬਾਣਾ ਜਾਂ ਹੋਰ ਕਈ ਗ਼ਲਤ ਵਿਸ਼ਲੇਸ਼ਣ ਲਾ ਕੇ ਮਜ਼ਾਕ ਉਡਾਉਂਦੇ ਆਮ ਵੇਖੇ ਜਾਂਦੇ ਹਨ। ਇਹ ਠੀਕ ਹੈ ਕਿ ਨਿਹੰਗ ਬਾਣਾ ਪਾਉਣ ਵਾਲੇ ਕਈ ਲੋਕਾਂ ਵਿੱਚ ਮਾੜੀਆ ਆਦਤਾਂ ਹੋ ਸਕਦੀਆਂ ਹਨ। ਪਰ ਸਤਿਗੁਰ ਦਾ ਬਖਸ਼ਿਆ ਪੁਰਾਤਨ ਫੌਜੀ ਬਾਣਾ ਨਿਹੰਗ ਬਾਣਾ ਹੀ ਹੈ। ਹੁਣ, ਸੋਚਿਆ ਜਾਵੇ ਦਾੜ੍ਹੀ ਨੂੰ ਗੂੰਦ ਜਿਹੀ ਲਾ ਕੇ ਬੰਨਣ ਵਾਲੇ, ਕ੍ਰਿਪਾਨਾ ਕਮੀਜ਼ਾਂ ਦੇ ਥੱਲੇ ਦੀ ਪਾਉਣ ਵਾਲੇ ਬਾਣੇ ਨੂੰ ਬੀਤ ਚੁੱਕੇ ਸਮੇਂ ਦਾ ਬਾਣਾ ਆਖਣ ਵਾਲੇ ਸੱਜਣਾਂ ਤੋਂ ਪੰਥ ਦੇ ਭਲੇ ਦੀ ਆਸ ਕਰਨਾ ਕਿੰਨਾ ਕੁ ਜਾਇਜ਼ ਹੋਵੇਗਾ? ਪਿਛਲੇ ਦਿਨੀਂ ਇੱਕ ਮਿੱਤਰ ਅਤੇ ਉੱਘੇ ਸਿੱਖ ਲੇਖਕ ਦੇ ਮੂੰਹੋਂ ਜਦੋਂ ਇਹ ਸ਼ਬਦ ਸੁਣੇ ਕਿ ਖੰਡੇ ਤੋੜੇ, ਨਿਹੰਗ ਬਾਣਾ, ਚੱਕਰ ਤੇ ਦੁਮਾਲੇ ਬੇ-ਲੋੜੀ ਸ਼ਰਧਾ ਦੇ ਪ੍ਰਤੀਕ ਹਨ ਤਾਂ ਹੈਰਾਨੀ ਦੀ ਕੋਈ ਹੱਦ ਨਾ ਰਹੀ। ਦਾਸ ਨੇ ਸਵਾਲ ਕੀਤਾ ਕਿ ਜੇ ਅਕਾਲੀ ਬਾਣਾ ਅਤੇ ਉਪਰੋਕਤ ਪੰਥਕ ਚਿੰਨ ਪੁਰਾਤਨਤਾ ਦਾ ਪ੍ਰਤੀਕ ਨਾ ਰਹਿ ਕੇ ਬੇਲੋੜੀ ਸ਼ਰਧਾ ਦਾ ਪ੍ਰਤੀਕ ਹਨ ਤਾਂ ਕੀ ਬੋਦੀ, ਟੋਪੀ ਅਤੇ ਜਨੇਊ ਜਾਂ ਰੁੰਡ-ਮੁੰਡ ਸਿਰ ਖ਼ਾਲਸਈ ਸ਼ਾਨ ਦਾ ਪ੍ਰਤੀਕ ਬਣਨਗੇ? ਵੀਰੋ ਜੇ ਆਪਣੇ ਹੀ ਅਜਿਹੀਆ ਬੇ-ਸਿਰ ਪੈਰ ਦੀਆ ਦਲੀਲਾਂ ਦੇਣ ਲਗ ਗਏ ਤਾਂ ਗੈਰਾਂ ਨੂੰ ਕੀ ਦੋਸ਼ ? ਗੁਰੂ ਸਾਹਿਬਾਂ ਸਮੇਂ ਅਕਾਲੀ ਬਾਣਾ ਹਰ ਸਿੱਖ ਲਈ ਜ਼ਰੂਰੀ ਹੁੰਦਾ ਸੀ। ਪੁਰਾਤਨ ਸਿੰਘ ਫੌਜ ਦੀਆਂ ਲੋੜਾਂ ਨੂੰ ਮੁੱਖ ਰਖਦੇ ਹੋਏ ਵੱਡਾ ਦੁਮਾਲਾ ਸਜਾਉਂਦੇ। ਚੱਕਰ-ਚੰਦ ਤੋੜਾ ਆਦਿ ਲਾਉਂਦੇ ਬਾਣਾ ਪਾਉਂਦੇ ਅਤੇ ਹਮੇਸ਼ਾਂ ਤਿੰਨ ਫੁੱਟੀ ਕ੍ਰਿਪਾਨ ਗਾਤਰੇ ਰੱਖਦੇ ਹੁੰਦੇ ਸਨ। ਬੀਬੀਆ ਵੀ ਹਮੇਸ਼ਾ ਸਿਰਾਂ ਉੱਪਰ ਵੱਡੀਆ ਦਸਤਾਰਾਂ ਸਜਾਉਂਦੀਆਂ ਅਤੇ ਜੰਗਾਂ-ਯੁੱਧਾਂ ਵਿੱਚ ਸਿੰਘਾਂ ਦਾ ਸਾਥ ਦਿੰਦੀਆਂ। ਹੁਣ ਹਾਲਤ ਇਹ ਹੋ ਚੁੱਕੀ ਹੈ ਕਿ ਕ੍ਰਿਪਾਨ ਘੱਟਦੀ-ਘੱਟਦੀ ਘੱਟ ਕੇ ਡੋਰੀ ਵਾਲੀ ਰਹਿ ਗਈ ਹੈ। ਦਸਤਾਰ ਦਾ ਵੀ ਇਹੀ ਹਾਲ ਹੈ ਦੁਮਾਲੇ ਤੋਂ ਛੋਟੀ ਹੁੰਦੀ ਹੁੰਦੀ ਟੋਪੀ ਤੇ ਪਹੁੰਚ ਚੁੱਕੀ ਹੈ। ਬੀਬੀਆਂ (ਕੁਝ ਇਕ ਨੂੰ ਛੱਡ ਕੇ) ਤਾਂ ਦਸਤਾਰ ਨੂੰ ਕਦੋਂ ਦੀਆ ਤਿਲਾਂਜਲੀ ਦੇ ਚੁੱਕੀਆਂ ਹਨ। ਹਾਲਤ ਇੱਥੋਂ ਤੱਕ ਪਹੁੰਚ ਚੁੱਕੀ ਹੈ ਕਿ ਨੌਜਵਾਨ ਪੀੜ੍ਹੀ ਕੇਸਾ ਨੂੰ ਇੱਕ ਭਾਰ ਅਤੇ ਬੇਲੋੜੀ ਸ਼ਰਧਾ ਦਾ ਪ੍ਰਤੀਕ ਮੰਨਣ ਲਗ ਪਈ ਹੈ। ਸਿੰਘੋ ਸਾਨੂੰ ਵਿਚਾਰਨਾ ਪਵੇਗਾ ਕਿ ਅਸੀਂ ਗੁਰੂ ਕੀ ਮਤ ਅਪਣਾਉਣੀ ਹੈ ਜਾਂ ਅਖੌਤੀ ਅਗਾਂਹ-ਵਧੂ ਨਵੀਨਤਾ ? ਸ਼ਹੀਦ ਭਾਈ ਫੌਜਾ ਸਿੰਘ ਕਿਹਾ ਕਰਦੇ ਸਨ ਕਿ ਜਿਵੇਂ ਨਸ਼ਾ ਵਰਤਣ ਵਾਲੇ ਨਿਹੰਗਾਂ ਕਰਕੇ ਬਾਣਾ ਬਦਨਾਮ ਹੋਇਆ ਹੈ ਜੇਕਰ ਪੜ੍ਹੇ ਲਿਖੇ ਅਤੇ ਚੰਗੀਆਂ ਨੌਕਰੀਆਂ ਕ੍ਰਿਤਾ-ਬ੍ਰਿਤਾਂ ਕਰਨ ਵਾਲੇ ਸਿੰਘ ਨਿਹੰਗ ਬਾਣਾ ਪਾ ਲੈਣ ਤਾਂ ਦੁਬਾਰਾ ਅਕਾਲੀ ਬਾਣੇ ਦੀ ਸ਼ਾਨ ਬਹਾਲ ਹੋ ਸਕਦੀ ਹੈ ਅਤੇ ਨਾਲ-ਨਾਲ ਖ਼ਾਲਸਈ ਵਿਲੱਖਣਤਾ ਦਾ ਪ੍ਰਤੀਕ ਸਿੱਖੀ ਵਿਰਸਾ ਸੰਭਾਲਿਆ ਜਾ ਸਕਦਾ ਹੈ। ਗੁਰੂ ਸਾਹਿਬਾਂ ਤੋਂ ਬਾਅਦ ਬੰਦਾ ਸਿੰਘ ਬਹਾਦਰ, ਬਾਬਾ ਦੀਪ ਸਿੰਘ, ਅਕਾਲੀ ਫੂਲਾ ਸਿੰਘ ਨਿਹੰਗ ਅਤੇ ਮਹਾਰਾਜ ਰਣਜੀਤ ਸਿੰਘ ਦੇ ਰਾਜ ਤੱਕ ਸਾਰੇ ਸਿੰਘ ਨਿਹੰਗ



www.AKJ.Org

ਬਾਣੇ ਵਿੱਚ ਵਿਚਰਦੇ ਰਹੇ ਸਨ। ਨਿਹੰਗ ਸਿੰਘਾਂ ਨੇ ਸੱਚੇ-ਸੁੱਚੇ ਕਿਰਦਾਰ ਦੀ ਆਮ ਲੋਕਾਂ ਵਿੱਚ ਇਹ ਇੰਨੀ ਧਾਕ ਪਈ ਸੀ ਕਿ ਉਸ ਸਮੇਂ ਦੀਆਂ ਤੀਮਤਾਂ ਵਿੱਚ ਇਹ ਲੋਕ ਬੋਲਾ ਪ੍ਰਸਿੱਧ ਹੋ ਚੁੱਕਾ ਸੀ "ਆਏ ਨੀ ਨਿਹੰਗ, ਬੂਹੇ ਖੋਲ੍ਹ ਦਿਓ ਨਿਸੰਗ" ਅੱਜ ਅਜਿਹੇ ਹੀ ਉੱਚੇ ਕਿਰਦਾਰਾਂ ਦੇ ਮਾਲਿਕ ਬਾਣੀ ਅਤੇ ਬਾਣੇ ਦੇ ਧਾਰਕ ਸਿੰਘਾਂ ਦੀ ਪੰਥ ਨੂੰ ਫਿਰ ਲੋੜ ਹੈ। ਉਸ ਤੋਂ ਉਪਰੰਤ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਬ੍ਰਾਹਮਣੀ ਸਲਾਹਕਾਰਾਂ ਅਤੇ ਅਫ਼ਸਰਾਂ ਕਰਕੇ ਅਕਾਲੀ ਬਾਣੇ ਦੇ ਸਿਧਾਂਤ ਉੱਤੇ ਕੱਚ-ਘਰੜ ਸੋਚ ਹਾਵੀ ਹੁੰਦੀ ਗਈ। ਪਰ ਫਿਰ ਵੀ ਨਿਹੰਗਾਂ ਸਿੰਘਾਂ ਨੇ ਬਾਣੇ ਦੀ ਪੁਰਾਤਨਤਾ ਕਾਇਮ ਰੱਖੀ। ਅੰਗ੍ਰੇਜ਼ੀ ਰਾਜ ਸਮੇਂ ਪੂਰਾ ਖ਼ਾਲਸਈ ਜਾਹੋ-ਜ਼ਲਾਲ ਕਾਇਮ ਨਾ ਰਹਿ ਸਕਿਆ। ਸਮੇਂ ਦੇ ਗੇੜ ਅੰਦਰ ਪੰਥ ਵਿੱਚ ਜਾਗ੍ਰਿਤੀ ਆਈ। ਅਕਾਲੀ ਬਾਣਾ ਆਪਣੀ ਪੂਰੀ ਸ਼ਾਨੋ-ਸ਼ੌਕਤ ਅਤੇ ਰਵਾਇਤੀ ਜਲਾਓ ਅੰਦਰ ਚੜ੍ਹਦੀ ਕਲਾ ਵਿੱਚ ਆਇਆ। ਇਸ ਦਾ ਸਿਹਰਾ ਉਸ ਸਮੇਂ ਦੇ ਚੜ੍ਹਦੀ ਕਲਾ ਵਾਲੇ ਪੜ੍ਹੇ-ਲਿਖੇ ਅਕਾਲੀ ਬਾਣੇ ਦੇ ਧਾਰਨੀ ਸਿੰਘਾ ਦੇ ਸਿਰ ਜਾਂਦਾ ਹੈ। ਜਿਵੇਂ ਕਿ : ਵਸਾਵਾ ਸਿੰਘ ਨਿਹੰਗ ਭਸੌੜ, ਭਾਈ ਰਣਧੀਰ ਸਿੰਘ ਨਾਰੰਗਵਾਲ, ਅਕਾਲੀ ਕੌਰ ਸਿੰਘ ਨਿਹੰਗ, ਜਥੇਦਾਰ ਤੇਜਾ ਸਿੰਘ ਭੁੱਚਰ ਅਤੇ ਹੋਰ ਬੇਅੰਤ ਸਿੰਘਾਂ ਦੇ ਨਾਮ ਗਿਣੇ ਜਾ ਸਕਦੇ ਹਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਤਰਵਿਆਂ ਦੇ ਸ਼ੁਰੂ ਵਿੱਚ ਭਾਈ ਫੌਜਾ ਸਿੰਘ ਅਤੇ ਸਾਥੀਆਂ ਦੀ ਵਿਚਾਰਧਾਰਾ ਵਾਲੇ ਸਿੰਘਾਂ ਨੇ ਨਿਹੰਗ ਬਾਣੇ ਨੂੰ ਅਪਣਾਇਆ ਅਤੇ ਆਪਣੀਆਂ ਆਹੂਤੀਆਂ ਦੇ ਕੇ ਖ਼ਾਲਸਈ ਸ਼ਾਨ ਦੁਬਾਰਾ ਉਜਾਗਰ ਕੀਤੀ। ਇੱਥੇ ਵਰਣਨਯੋਗ ਹੈ ਕਿ ਭਾਈ ਫੌਜਾ ਸਿੰਘ ਖ਼ੁਦ ਨਿਹੰਗ ਬਾਣਾ ਪਹਿਨਦੇ ਅਤੇ ਸਾਥੀ ਸਿੰਘਾਂ ਨੂੰ ਬਾਣਾ ਪਹਿਨਣ ਲਈ ਪ੍ਰੇਰਦੇ ਸਨ। ਅੱਜ ਵੀ ਅਖੰਡ ਕੀਰਤਨੀ ਜੱਥੇ ਵਿੱਚ ਭਾਈ ਸਾਹਿਬ ਦੇ ਸਮੇਂ ਦੇ ਨੇੜਲੇ ਸਾਥੀ ਨਿਹੰਗ ਬਾਣੇ ਵਿੱਚ ਵਿਚਰਦੇ ਦੇਖੇ ਜਾ ਸਕਦੇ ਹਨ।

ਅੱਜ ਦੇ ਸੰਦਰਭ ਵਿੱਚ ਸਵਾਲ ਖ਼ਾਲਸਈ ਵਿਲੱਖਣਤਾ ਉਪਰ ਆ ਖੜਾ ਹੋਇਆ ਹੈ। ਹਿੰਦੂ ਤਵੀ ਬਾਹਮਣਵਾਦੀ ਤਾਕਤਾ ਜੋ ਸਿੱਖਾਂ ਨੂੰ ਹਿੰਦੂ ਧਰਮ ਦਾ ਅੰਗ ਦੱਸਦੀਆਂ ਆ ਰਹੀਆਂ ਹਨ ਉਹਨਾਂ ਦੀਆਂ ਨਜ਼ਰਾ ਵਿੱਚ ਨਿਹੰਗ (ਅਕਾਲੀ ਬਾਣਾ) ਹਮੇਸ਼ਾਂ ਹੀ ਰੜਕਦਾ ਆ ਰਿਹਾ ਹੈ। ਅੱਜ ਫਿਰ ਲੋੜ ਹੈ ਕਿ ਅਸੀਂ ਨਿਹੰਗ ਬਾਣੇ ਨੂੰ ਨਿਕਾਰਨ ਦੀ ਥਾਂ ਸਵੀਕਾਰ ਕਰੀਏ। ਪੜ੍ਹੇ-ਲਿਖੇ ਨੌਜਵਾਨ ਵੀਰਾਂ ਦੇ ਚਰਨਾ ਵਿੱਚ ਬੇਨਤੀ ਹੈ ਕਿ ਜੇਕਰ ਅਸੀਂ ਬਾਣੀ-ਬਾਣੇ, ਸੇਵਾ-ਸਿਮਰਨ, ਰਹਿਤ-ਬਹਿਤ ਵਿੱਚ ਪ੍ਰਪੱਕ ਹੋਵਾਂਗੇ ਤਾਂ ਸਾਨੂੰ ਸਟੇਜਾਂ ਤੋਂ ਵਾਰ-ਵਾਰ ਦੁਹਰਾਉਣ ਦੀ ਲੋੜ ਨਹੀ ਪਵੇਗੀ। ਸਾਡਾ ਚਿਹਰਾ-ਮੁਹਰਾ, ਸਾਡੀ ਰਹਿਣੀ-ਬਹਿਣੀ ਹੀ ਇਹ ਦਸ ਦੇ ਣਗੀਆ ਕਿ ਸਿੱਖ ਇੱਕ ਵੱਖਰੀ ਕੌਮ ਹਨ। ਸਿੰਘੋਂ, ਸਿੰਘ ਬਾਗੀ ਹੋ ਸਕਦਾ ਹੈ ਜਾ ਸ਼ਹੀਦ ਹੁੰਦਾ ਹੈ, ਪਰ ਗੁਲਾਮ ਨਹੀਂ। ਫੋਕੀ ਨਵੀਨਤਾ ਦੀ ਆੜ ਹੇਠ ਗੁਲਾਮੀ ਦੇ ਪ੍ਰਤੀਕ ਖਾਣ-ਪਾਣ ਅਤੇ ਮੌਡਰਨ ਵੇਸਾ ਨੂੰ ਤਲਾਂਜ਼ਲੀ ਦੇ ਕੇ ਗੁਰੂ ਕੇ ਬਖਸ਼ੇ ਹੋਏ ਅਕਾਲੀ ਬਾਣੇ ਦੇ ਧਾਰਨੀ ਹੋਈਏ ਤਾਂ ਕਿ ਖ਼ਾਲਸਾ ਜੀ ਦੇ ਬੋਲ-ਬਾਲੇ ਹੋਣ ।

---

(ਪੰਨਾ ੩੪ ਦਾ ਬਾਕੀ )

ਕੇ ਸਿੰਘ ਪਦ ਧਾਰਨ ਕੀਤਾ। ੧੭੦੮ ਈ. (ਬਿਕ੍ਰਮੀ ੧੭੬੫) ਵਿਚ ਆਪ ਦਾ ਅਕਾਲ ਚਲਾਣਾ ਗੋਦਾਵਰੀ ਨਦੀ ਦੇ ਕਿਨਾਰੇ, ਅਬਚਲ ਨਗਰ ਨੰਦੇੜ ਵਿਖੇ ਹੋਇਆ।

(ਅ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਡਸਕੇ (ਸਿਆਲਕੋਟ) ਦਾ ਮੋਰਚਾ ਲਾਉਣ ਦਾ ਫੈਸਲਾ ਹੋਇਆ (੧੯੩੧ ਈ.)

ਅਗਸਤ ੨੮ (ੳ) ਸ਼੍ਰੋਮਣੀ ਅਕਾਲੀ ਦਲ ਨੇ ੧੯੨੩ ਈ. ਵਿਚ ਪੰਥਕ ਹਿੱਤਾਂ ਦੀ ਰਾਖੀ ਲਈ 'ਨੇਸ਼ਨ' ਅਖ਼ਬਾਰ ਖਰੀਦਿਆ।

(ਅ) ਸ਼੍ਰੋਮਣੀ ਅਕਾਲੀ ਦਲ ਨੇ ਅਨੰਦਪੁਰ ਸਾਹਿਬ ਆਤਮ-ਨਿਰਣੈ ਦਾ ਗੁਰਮਤਾ ੧੯੭੩ ਈ. ਨੂੰ ਪਾਸ ਕੀਤਾ, ਜਿਸ ਨੂੰ ਅਨੰਦਪੁਰ ਦਾ ਮਤਾ ਕਹਿੰਦੇ ਹਨ।

ਅਗਸਤ ੩੦ ਗੁਰਗੱਦੀ-ਦਿਵਸ ਸ੍ਰੀ ਗੁਰੂ ਰਾਮਦਾਸ ਜੀ (੧੫੭੪ ਈ.)।

ਅਗਸਤ ੩੧ ਗੁਰਗੱਦੀ-ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ (੧੫੮੧ ਈ.)।



www.AKJ.Org

# ਰੱਬੀ ਕਾਰੀਗਰੀ

## ਅਸਚਰਜ ਚੀਜ਼ਾਂ (ਵਿਸਮਾਦ ਜਨਕ)

*(ਪ੍ਰੋ. ਸਾਹਿਬ ਸਿੰਘ ਜੀ)*

ਕੁਦਰਤ ਦੀ ਕਾਰੀਗਰੀ ਨੂੰ ਰਤਾ ਗਹੁ ਨਾਲ ਵੇਖੀਏ, ਤਾਂ ਬੇਅੰਤ ਐਸੀਆਂ ਅਚਰਜ ਚੀਜ਼ਾਂ ਨਜ਼ਰੇ ਪੈਂਦੀਆਂ ਹਨ, ਜੋ ਹੈਰਾਨ ਕਰ ਦੇਂਦੀਆਂ ਹਨ, ਜੋ 'ਵਿਸਮਾਦ' ਹਾਲਤ ਵਿਚ ਲੈ ਅੱਪੜਦੀਆਂ ਹਨ। ਸਾਇੰਸ ਵਾਲੇ ਦੱਸਦੇ ਹਨ ਕਿ ਇਕ ਰੁੱਖ 'ਸੀਕੋਈਆ' (Sequoia) ਐਸਾ ਹੈ ਜੋ ਤਿੰਨ ਹਜ਼ਾਰ ਸਾਲ ਤਕ ਹਰਾ ਰਹਿੰਦਾ ਹੈ। ਇੰਗਲਿਸਤਾਨ ਦੇ ਸਮੁੰਦਰਾਂ ਵਿਚ ਇਕ ਮੱਛੀ ਹੈ, ਜਿਸਨੂੰ 'ਲੀਡੀਆ' (Luidia) ਆਖਦੇ ਹਨ। ਇਹ ਮੱਛੀ ਇਕ ਸਾਲ ਵਿਚ ਵੀਹ ਕ੍ਰੋੜ ਅੰਡੇ ਦੇਂਦੀ ਹੈ। ਅਫ਼ਰੀਕਾ ਵਿਚ ਕਈ ਰੁੱਖ ਐਸੇ ਵੇਖੇ ਗਏ ਹਨ ਜੋ ਮੱਖੀਆਂ ਫੜ ਕੇ ਖਾ ਜਾਂਦੇ ਹਨ। ਸਮੁੰਦਰਾ ਵਿਚ ਇਕ ਨਰ-ਵੇਲ ਮੱਛੀ ਹੈ, ਇਸ ਦਾ ਦੰਦ ਨੌਂ ਫੁੱਟ ਲੰਮਾ ਹੁੰਦਾ ਹੈ। ਕਈ ਪੰਛੀ ਐਸੇ ਹਨ ਜੋ ਇਕ ਮਿੰਟ ਵਿਚ ਇਕ ਮੀਲ ਉੱਡ ਸਕਦੇ ਹਨ। ਕਛੂਕੁੰਮਾ ਸੌ ਸਾਲ ਤਕ ਜੀਊਂਦਾ ਰਹਿ ਸਕਦਾ ਹੈ। ਸਮੁੰਦਰ ਵਿਚ ਇਕ ਮੱਛੀ ਹੈ ਜਿਸ ਨੂੰ 'ਪਿਰੋ-ਸਮ' (Pyrosome) ਕਹਿੰਦੇ ਹਨ। ਜਦੋਂ ਇਹ ਮੱਛੀ ਤਰਦੀ ਹੈ ਇਸ ਦੇ ਸਰੀਰ ਵਿਚੋਂ ਇਤਨੀ ਰੌਸ਼ਨੀ ਪੈਦਾ ਹੁੰਦੀ ਹੈ ਕਿ ਤੁਸੀਂ ਜਹਾਜ਼ ਦੇ ਹਨੇਰੇ ਕਮਰੇ ਵਿਚ ਬੈਠੇ ਕਿਤਾਬ ਦਾ ਫ਼ਿਕਰਾ ਪੜ੍ਹ ਸਕਦੇ ਹੋ। ਹੈਜ਼ੇ ਦਾ ਜਿਰਮ ਇੱਕ ਦਿਨ ਵਿਚ ਇਤਨੇ ਹੋਰ ਜਿਰਮ ਪੈਦਾ ਕਰ ਦੇਂਦਾ ਹੈ ਕਿ ਇਹਨਾਂ ਨੂੰ ਗਿਣਨ ਵਾਸਤੇ ਪਾਂਜੇ ਦੇ ਹਿੰਦਸੇ ਨਾਲ ਬਾਈ ਸਿਫ਼ਰਾਂ ਹੋਰ ਲਾਣੀਆਂ ਪੈਂਦੀਆਂ ਹਨ।

ਕੁਦਰਤ ਵਿਚ ਸੈਂਕੜੇ ਐਸੀਆ 'ਵਿਸਮਾਦ-ਜਨਕ' ਮਿਸਾਲ ਮਿਲਦੀਆਂ ਹਨ, ਤੇ ਸਾਇੰਸ ਦੀ ਖੋਜ ਨਾਲ ਦਿਨੋ-ਦਿਨ, ਇਨ੍ਹਾਂ ਦੀ ਗਿਣਤੀ ਵਧ ਰਹੀ ਹੈ।

### *ਵਿਸਮਾਦ ਅਵਸਥਾ ਕੀ ਹੈ ?-*

ਇੱਥੇ ਰਤਾ ਇਹ ਸੋਚਣ ਦੀ ਲੋੜ ਹੈ ਕਿ 'ਵਿਸਮਾਦ ਅਵਸਥਾ' ਕੀ ਹੈ। 'ਵਿਸਮਾਦ' ਹਾਲਤ ਉਹ ਨਹੀਂ ਹੈ ਜਦੋਂ ਅਸੀ ਕੋਈ ਐਸੀ ਚੀਜ਼ ਵੇਖਦੇ ਹਾਂ ਜਿਸ ਦੀ ਸਾਨੂੰ ਸਮਝ ਨਹੀਂ ਆਉਂਦੀ, ਜਾਂ, ਜਦੋਂ ਕੋਈ ਅਜਿਹੀ ਘਟਨਾ ਵੇਖਦੇ ਹਾਂ ਜੋ ਸਾਡੇ ਖ਼ਿਆਲ-ਅਨੁਸਾਰ ਹੋ ਹੀ ਨਹੀਂ ਸੀ ਸਕਦੀ, ਜਿਵੇਂ ਜਦੋਂ ਸਾਨੂੰ ਇਹ ਦੱਸਿਆ ਜਾਏ ਕਿ ਮਗਰ-ਮੱਛ ਅੰਡੇ ਤੋਂ ਪੈਦਾ ਹੁੰਦਾ ਹੈ। ਇਕ ਸਾਇੰਸ-ਵੇਤਾ ਸਾਨੂੰ ਦਸੱਦਾ ਹੈ ਕਿ ਉੱਪਰ ਅਕਸ਼ ਵਿਚ ਦਿੱਸ ਰਹੇ ਤਾਰੇ ਸਾਥੋਂ ਲੱਖਾਂ ਕ੍ਰੋੜਾਂ ਮੀਲਾਂ ਦੀ ਵਿੱਥ ਤੇ ਹਨ, ਸਾਡਾ ਆਪਣਾ ਸੂਰਜ ਸਾਥੋਂ ਸਾਢੇ ਨੌਂ ਕ੍ਰੋੜ ਮੀਲ ਦੇ ਫ਼ਾਸਲੇ ਤੇ ਹੈ, ਇਥ ਤਾਰਾ 'ਬੀਟਲ ਜੀਊਜ਼' (Betelgeuse) ਇਤਨਾ ਵੱਡਾ ਹੈ ਕਿ ਸਾਡੀ ਧਰਤੀ ਤਾਂ ਕਿਤੇ ਰਹੀ, ਜਿਤਨੇ ਗੇੜ ਵਿਚ ਇਹ ਚੱਕਰ ਲਗਾਂਦੀ ਹੈ, ਉਹ ਸਾਰਾ ਚੱਕਰ ਭੀ ਉਸ ਤਾਰੇ ਵਿਚ ਸਮਾ ਸਕਦਾ ਹੈ। ਇਹੋ ਜਿਹੀਆ ਗੱਲਾਂ ਸੁਣ ਕੇ ਹੈਰਾਨੀ ਨਾਲ ਸਾਡਾ ਮੂੰਹ ਅੱਡਿਆ ਰਹਿ ਜਾਂਦਾ ਹੈ। ਪਰ ਇਸ ਦਾ ਨਾਂ 'ਵਿਸਮਾਦ ਅਵਸਥਾ' ਨਹੀਂ ਹੈ। ਠੀਕ ਭਾਵ ਵਿਚ ਉਸ ਕੁਦਰਤੀ ਗੁਣ ਨੂੰ ਅਸੀਂ 'ਵਿਸਮਾਦ-ਜਨਕ' ਕਹਿ ਸਕਦੇ ਹਾਂ, ਜਿਸ ਤੋਂ ਸਾਨੂੰ ਇਹ ਯਕੀਨ ਬਣ ਜਾਏ ਕਿ 'ਕੁਦਰਤ' ਬਹੁਤ ਹੀ ਡੂੰਘੀ ਹੈ, ਸਾਡੀ ਅਕਲ ਇਸ ਦੀ ਡੂੰਘਾਈ ਤਕ ਅਪੜਨ ਜੋਗੀ ਨਹੀਂ ਹੈ।

### *ਕੁਦਰਤ ਭਾਂਤ-ਭਾਂਤ ਦੀ-*

ਕੁਦਰਤ ਦੀਆਂ 'ਵਿਸਮਾਦ-ਜਨਕ' ਸਿਫ਼ਤਾਂ ਕਈ ਕਿਸਮ ਦੀਆਂ ਹੋ ਸਕਦੀਆਂ ਹਨ, ਕਿਤੇ ਕਿਸਮ ਕਿਸਮ ਦੇ ਜੀਵ ਦਿੱਸ ਰਹੇ ਹਨ; ਜਿਸ ਜਲ-ਵਾਯੂ ਵਿਚ ਜਾਓ, ਉੱਥੋਂ ਉੱਥੋਂ ਦੇ ਮੁਆਫ਼ਿਕ ਸਰੀਰਕ ਬਣਤਰ ਵਾਲੇ ਜੀਵ, ਪਾਣੀ ਵਿਚ ਹੋਰ ਕਿਸਮ ਦੇ, ਧਰਤੀ ਉੱਤੇ ਹੋਰ ਕਿਸਮ ਦੇ, ਤੇ ਹਵਾ ਵਿਚ ਉੱਡਣ ਵਾਲੇ ਹੋਰ ਕਿਸਮ ਦੇ। ਬਨਸਪਤੀ ਵਲ ਤੱਕੋ, ਬੇਅੰਤ ਕਿਸਮਾਂ ਹਨ। ਫੁੱਲਾ ਦੀ ਸੁੰਦਰਤਾ ਤੇ ਰੰਗਾਂ ਵਲ ਦੇਖੋ, ਨਵਿਆ ਤੋਂ ਨਵੇ। ਜਿਉਂ ਜਿਉਂ ਸਾਇੰਸ ਖੋਜ ਕਰਦੀ ਜਾ ਰਹੀ ਹੈ ਕੁਦਰਤ ਹੋਰ ਡੂੰਘੀ ਜਾਪਦੀ ਹੈ, ਹੋਰ ਅਥਾਹ ਦਿੱਸਦੀ ਹੈ। ਸਾਹਿਬ ਫ਼ੁਰਮਾਉਂਦੇ ਹਨ :



www.AKJ.Org

ਅਸੰਖ ਨਾਵ ਅਸੰਖ ਥਾਵ। ਅਗੰਮ ਅਗੰਮ ਅਸੰਖ ਲੋਅ।

ਅਸੰਖ ਕਹਹਿ ਸਿਰਿ ਭਾਰੁ ਹੋਇ।... ਕੁਦਰਤਿ ਕਵਣ, ਕਹਾ ਵੀਚਾਰੁ। ...(ਜਪੁਜੀ)

ਮਨੁੱਖ ਹੈਰਾਨ ਹੋ ਕੇ ਪੁੱਛਦਾ ਹੈ, "ਜੀਵਨ ਕੀ ਹੈ?"

ਇਸੇ ਵਿਸਮਾਦ-ਜਨਕ ਕੁਦਰਤ ਨੂੰ ਵੇਖ ਕੇ ਸਤਿਗੁਰੂ ਨਾਨਕ ਦੇਵ ਜੀ ਨੇ ਆਖਿਆ ਸੀ-

ਵੇਖਿ ਵਿਡਾਣੁ ਰਹਿਆ ਵਿਸਮਾਦੁ। ਨਾਨਕ ਬੁਝਣੁ ਪੂਰੈ ਭਾਗਿ।

ਇਸ ਸਲੋਕ ਦੀਆਂ ਪਹਿਲੀਆਂ ਤੁਕਾਂ ਇਹ ਹਨ-

ਵਿਸਮਾਦੁ ਨਾਦੰ ਵਿਸਮਾਦੁ ਵੇਦ॥ ਵਿਸਮਾਦੁ ਜੀਅ ਵਿਸਮਾਦੁ ਭੇਦ॥
ਵਿਸਮਾਦੁ ਰੂਪ ਵਿਸਮਾਦੁ ਰੰਗ। ਵਿਸਮਾਦੁ ਨਾਗੇ ਫਿਰਹਿ ਜੰਤ।
ਵਿਸਮਾਦੁ ਪਉਣ ਵਿਸਮਾਦੁ ਪਾਣੀ। ਵਿਸਮਾਦੁ ਅਗਨੀ ਖੇਡਹਿ ਵਿਡਾਣੀ।

(ਆਸਾ ਦੀ ਵਾਰ ੪੬੩-੪)

ਸਧਾਰਨ ਮਨੁੱਖ ਇਹ ਤੁਕਾਂ ਪੜ੍ਹ ਕੇ ਸ਼ਾਇਦ ਇਹ ਖ਼ਿਆਲ ਕਰੇ ਕਿ ਕੁਦਰਤ ਦੀਆਂ ਇਹਨਾਂ ਚੀਜ਼ਾਂ ਵਿਚ ਉਹ ਕੀ ਹੈ ਜੋ 'ਵਿਸਮਾਦ' ਦਸ਼ਾ ਪੈਦਾ ਕਰ ਸਕੇ। ਪਰ ਅੱਜ ਦਾ ਸਾਇੰਸਵੇਤਾ ਜਾਣਦਾ ਹੈ ਕਿ ਕੁਦਰਤ ਦੀ ਸਾਦਾ ਤੋਂ ਸਾਦਾ ਚੀਜ਼ 'ਵਿਸਮਾਦ' ਪੈਦਾ ਕਰਨ ਜੋਗੀ ਹੋ ਸਕਦੀ ਹੈ, ਜੇ ਸਾਨੂੰ ਉਸ ਦੀ ਬਾਬਤ ਕਾਫ਼ੀ ਵਾਕਫ਼ੀ ਹੋਵੇ।

ਇਸ ਦਾ ਭਾਵ ਇਹ ਨਹੀਂ ਕਿ ਹਰੇਕ ਚੀਜ਼ ਹਰੇਕ ਮਨੁੱਖ ਵਾਸਤੇ ਇਕੋ ਜਿਹੀ ਵਿਸਮਾਦ-ਜਨਕ ਹੈ। ਕਿਸੇ ਚੀਜ਼ ਦਾ ਸਾਡੇ ਮਨ ਉੱਤੇ ਡੂੰਘਾ ਪ੍ਰਭਾਵ ਪੈਣ ਵਾਸਤੇ ਤਿੰਨਾਂ ਗੱਲਾ ਦੀ ਲੋੜ ਪੈਂਦੀ ਹੈ :

(੧) ਸਾਡਾ ਆਪਣਾ ਮਨ ਕਿਤਨਾ ਕੁ ਅਸਰ ਗ੍ਰਹਿਣ ਕਰਨ ਜੋਗਾ ਹੈ।

(੨) ਸਾਨੂੰ ਉਸ ਚੀਜ਼ ਦੀ ਬਾਬਤ ਕਿਤਨੀ ਕੁ ਵਾਕਫ਼ੀ ਹੈ।

(੩) ਉਸ ਚੀਜ਼ ਵਿਚ ਕਿਤਨੇ ਤੇ ਕਿਹੋ ਜਿਹੇ ਗੁਣ ਹਨ।

### *ਪਿਆਰ-ਖਿੱਚ ਪੰਛੀਆਂ ਵਿਚ ਭੀ-*

ਕਾਦਰ ਦੀ ਕੁਦਰਤ ਵਿਚੋਂ ਹੁਣ ਕੋਈ ਐਸੀ ਮਿਸਾਲ ਲੈ ਕੇ ਵੇਖੀਏ, ਜਿੱਥੇ ਅਸੀਂ ਇਹ ਆਖ ਸਕੀਏ ਕਿ ਇਹ ਸਚ-ਮੁਚ ਵਿਸਮਾਦ-ਜਨਕ ਹੈ। ਇਕ ਅੰਗਰੇਜ਼ ਲਿਖਾਰੀ ਸੀ. ਟੀ. ਹਡਸਨ ਨੇ ਇਕ ਕਿਤਾਬ ਲਿਖੀ ਹੈ ਜਿਸ ਦਾ ਨਾਂ ਹੈ 'ਪੰਛੀ ਤੇ ਮਨੁੱਖ' (Birds and Man)। ਇਸ ਪੁਸਤਕ ਵਿਚ ਉਹ ਲਿਖਦਾ ਹੈ- ਮੇਰੇ ਭਰਾ ਦਾ ਭੇਡਾਂ ਦਾ ਇਕ ਵਾੜਾ ਸੀ। ਬਸੰਤ ਦੀ ਰੁੱਤ ਸੀ, ਜਦੋਂ ਕੂੰਜਾ ਦੇ ਝੁੰਡਾਂ ਦੇ ਝੁੰਡ ਦੱਖਣ ਵਲ ਉੱਡਦੇ ਜਾ ਰਹੇ ਸਨ। ਪਰ, ਮੇਰੇ ਭਰਾ ਨੇ ਆਪਣੇ ਵਾੜੇ ਦੇ ਪਾਸ ਕੂੰਜਾਂ ਦਾ ਇਕ ਜੋੜਾ ਵੇਖਿਆ, ਜੋ ਉਹਨਾ ਝੁੰਡਾਂ ਤੋਂ ਪਿੱਛੇ ਰਹਿ ਗਿਆ ਤੇ ਅਜਬ ਤਰੀਕੇ ਨਾਲ ਖੇਤਾਂ ਵਿਚ ਦੀ ਤੁਰਿਆ ਜਾ ਰਿਹਾ ਸੀ। ਮੇਰਾ ਭਰਾ ਹੈਰਾਨ ਜਿਹਾ ਹੋ ਕੇ ਉਹਨਾਂ ਤੇ ਪਿੱਛੇ ਪਿੱਛੇ ਹੋ ਤੁਰਿਆ। ਮਾਦਾ-ਕੂੰਜ ਦੱਖਣ ਦੀ ਸੇਧੇ (ਜਿੱਧਰ ਨੂੰ ਕੂੰਜਾਂ ਦੇ ਝੁੰਡ ਉੱਡ ਗਏ ਸਨ) ਤੁਰੀ ਜਾ ਰਹੀ ਸੀ ਤੇ ਉਸ ਦੀ ਕੂੰਜੋ-ਰਾਣਾ ਕੁਝ ਵਿੱਥ ਤੇ ਅੱਗੇ ਅੱਗੇ ਜਾ ਰਿਹਾ ਸੀ, ਪਰ ਬੜਾ ਘਾਬਰਿਆ ਹੋਇਆ। ਉਹ ਮੁੜ ਮੁੜ ਪਿੱਛੇ ਤੱਕਦਾ ਸੀ ਤੇ ਆਪਣੇ ਜੀਵਨ ਦੀ ਸਾਥਣ ਕੂੰਜ ਨੂੰ ਉਚੀ ਉੱਚੀ ਕੂਕਾਂ ਮਾਰਦਾ ਸੀ। ਕਦੇ ਕਦੇ ਉਹ ਉਤਾਂਹ ਅਕਾਸ਼ ਵਿਚ ਉੱਡ ਜਾਂਦਾ ਸੀ ਤੇ ਆਪਣੀ ਸਾਥਣ ਨੂੰ ਬੜੀ ਦਿਲ-ਖਿਚਵੀਂ ਦਰਦ-ਭਰੀ ਸੁਰ ਵਿਚ ਬੁਲਾਂਦਾ ਸੀ। ਪਰ ਵਿਚਾਰੀ ਕੂੰਜ ਦਾ ਇਕ ਬਾਜ਼ੂ ਟੁੱਟਾ ਹੋਇਆ ਸੀ, ਉਹ ਨਿਮਾਣੀ ਉੱਡ ਤਾਂ ਸਕਦੀ ਨਹੀਂ ਸੀ, ਹਾਂ, ਦੂਜੀਆਂ ਕੂੰਜਾਂ ਵਾਂਗ ਦੇਸਾਂਤਰ-ਗਮਨ ਦੀ ਖਿੱਚ ਦੀ ਪ੍ਰੇਰੀ ਹੋਈ ਇਹ ਹਜ਼ਾਰਾਂ ਮੀਲਾਂ ਦਾ ਲੰਮਾ ਪੈਂਡਾ ਤੁਰ ਕੇ ਮੁਕਾਣ ਦਾ ਜਤਨ ਕਰ ਰਹੀ ਸੀ। ਉਸਦਾ ਨਰ-ਸਾਥੀ ਕੂੰਜਾਂ ਦੇ ਝੁੰਡ ਤੋਂ ਵਿਛੋੜਾ ਤੱਕ ਕੇ ਤੜਪ ਉੱਠਦਾ ਸੀ, ਪਰ ਆਪਣੀ ਜ਼ਿੰਦਗੀ ਦੀ ਸਾਥਣ ਨੂੰ ਇਕੱਲਿਆਂ ਛੱਡ ਭੀ ਨਹੀਂ ਸੀ ਸਕਦਾ, ਤੇ ਦਰਦ-ਭਰੀਆਂ ਕੂਕਾਂ ਮਾਰਦਾ ਸੀ। ਹੈ ਨੰ ਵਿਸਮਾਦ-ਜਨਕ ?



www.AKJ.Org

*ਜੀਵਨ ਪਿਆਰ ਹੈ-*

ਕੁਦਰਤ ਦਾ ਚੇਤਨ ਸਜੀਵ ਤਬਕਾ ਅਜਿਹੀਆਂ ਦਰਦ ਤੇ ਬਿਰਹੋਂ ਭਰੀਆਂ ਘਟਨਾਵਾਂ ਨਾਲ ਭਰਿਆ ਪਿਆ ਹੈ, ਅਸੀਂ ਇਸ ਜੋੜੇ ਦੀ ਦਰਦ-ਭਰੀ ਵਿਥਿਆ ਨੂੰ 'ਵਿਸਮਾਦ-ਜਨਕ' ਕਿਉਂ ਆਖ ਰਹੇ ਹਾਂ ? ਜਦੋਂ ਅਸੀਂ ਰਤਾ ਸੋਚਦੇ ਹਾਂ ਤਾਂ ਇਹ ਵਿਥਿਆ ਸਾਨੂੰ ਇਸ ਵਾਸਤੇ ਵਿਸਮਾਦ ਪੈਦਾ ਕਰਨ ਵਾਲੀ ਦਿੱਸਦੀ ਹੈ ਕਿ ਪੰਛੀਆਂ ਤੇ ਮਨੁੱਖਾਂ ਦੇ ਰਵੱਈਏ ਤੇ ਸੁਭਾਵ ਵਿਚ ਇਕ ਹੈਰਾਨ ਕਰਨ ਵਾਲੀ ਸਾਂਝ ਜ਼ਾਹਰ ਕਰਦੀ ਹੈ। ਅਸੀਂ ਵੇਖਦੇ ਹਾਂ ਕਿ ਸਾਡੀ ਮਨੁੱਖ-ਆਤਮਾ ਦਾ ਭੀ ਕੇਂਦਰ ਰਾਜ਼ ਉਹੀ ਹੈ ਜੋ ਹੋਰ ਜੀਵਾਂ ਦਾ ਹੈ। ਜਿਧਰ ਭੀ ਤੱਕੋ, ਜੀਵਨ ਕੀ ਹੈ? "ਜੀਵਨ ਪਿਆਰ ਹੈ।

*ਹਰੇਕ ਜੂਨ ਨਿਰਾਲੀ ਕਿਸਮ ਦੀ-*

ਜਿਉਂ ਜਿਉਂ ਸਾਇੰਸ ਸਜੀਵ ਕੁਦਰਤ ਦੀ ਜੀਵਨ-ਕ੍ਰਿਆ ਨੂੰ ਖੋਜ ਰਹੀ ਹੈ, ਤਿਉਂ ਤਿਉਂ ਇਹ ਭੇਤ ਹੋਰ ਵਧੀਕ ਡੂੰਘਾ ਦਿੱਸ ਰਿਹਾ ਹੈ, ਉਵੇਂ ਇਹ ਨਾ ਕੋਈ ਕਰਾਮਾਤ ਹੈ ਨਾ ਜਾਦੂ। ਜ਼ਿੰਦਗੀ ਦਾ ਡੂੰਘਾ ਭੇਤ ਤਾਂ ਭਾਵੇਂ ਕੁਝ ਵੀ ਹੋਵੇ, ਪਰ ਇਹ ਜੀਵਨ-ਕ੍ਰਿਆ ਇਕ ਐਸੀ 'ਕ੍ਰਿਆ' ਹੈ ਜੋ ਬੇਅੰਤ ਤ੍ਰੀਕਿਆਂ ਨਾਲ ਪਰਗਟ ਹੋ ਰਹੀ ਹੈ। ਹਿੰਦੂ-ਮਤ ਨੇ ਢੇਰ ਪੁਰਾਣੇ ਸਮੇਂ ਤੋਂ ਚੁਰਾਸੀ ਲੱਖ ਜੂਨਾਂ ਮੰਨੀਆਂ ਹਨ, ਸਾਇੰਸ ਨੇ ਭੀ ਹੁਣ ਤੱਕ ਪੰਜ ਲੱਖ ਤਾਂ ਸਹੀ ਕਰ ਲਈਆਂ ਹਨ। ਇੱਥੇ 'ਹੈਰਤ' ਪੈਦਾ ਕਰਨ ਵਾਲੀ ਗੱਲ ਇਹ ਹੈ ਕਿ ਹਰੇਕ ਜੂਨ ਆਪਣੀ ਕਿਸਮ ਦੀ ਆਪ ਹੀ ਹੈ, ਦੂਜੀ ਕਿਸਮ ਨਾਲ ਕੋਈ ਰਲਾ ਨਹੀਂ ਹੋ ਸਕਦਾ। ਮਿਸਾਲ ਦੇ ਤੌਰ ਤੇ ਲਵੋ ਘੋੜਾ ਤੇ ਖੋਤਾ। ਇਹ ਦੋਵੇਂ ਨੇੜੇ ਦੀਆਂ ਹੀ ਰਲਦੀਆਂ-ਮਿਲਦੀਆਂ ਜੂਨਾਂ ਹਨ, ਪਰ, ਸਾਇੰਸ ਵੇਤਾ ਦੱਸਦੇ ਹਨ ਕਿ ਘੋੜੇ ਦੇ ਸੁੱਕੇ ਹੋਏ ਲਹੂ ਦੇ ਕਿਣਕੇ ਖੋਤੇ ਦੇ ਸੁੱਕੇ ਲਹੂ ਦੇ ਕਿਣਕਿਆਂ ਨਾਲੋਂ ਵੱਖਰੀ ਕਿਸਮ ਦੇ ਹਨ।

*ਕੰਢਿਆਂ ਤੋਂ ਉਛਲ ਰਿਹਾ ਦਰਿਆ-*

ਜਗਤ ਦੀ ਰਚਨਾ 'ਦੋ ਕਿਸਮ ਦੀ ਮਿਥੀ ਗਈ ਹੈ। ਇਕ ਜੜ੍ਹ ਜਾਂ ਨਿਰਜੀਵ, ਦੂਜੀ ਜਾਨਦਾਰ, ਸ-ਜੀਵ ਜਾਂ ਸ-ਜਿੰਦ। ਬਨਸਪਤੀ ਭੀ 'ਸਜਿੰਦ' ਹੀ ਮੰਨੀ ਗਈ ਹੈ। ਇਸ 'ਸਜਿੰਦ' ਰਚਨਾ ਵਿਚ ਇਹ ਖ਼ੂਬੀ ਹੈ ਕਿ ਇਹ ਬੜੀ ਛੇਤੀ ਵਧਦੀ ਹੈ। 'ਜ਼ਿੰਦਗੀ' ਇਕ ਵਗਦਾ ਦਰਿਆ ਸਮਝ ਲਵੋ, ਜੋ ਕੰਢਿਆਂ ਤੋਂ ਉਛਲ ਰਿਹਾ ਹੈ। ਸਾਇੰਸ ਦੱਸਦੀ ਹੈ ਕਿ ਸਿਰਫ਼ ਇਕ ਲੱਖ ਰੁੱਖ ਦੀ ਨਸਲ ਜੇ ਵਧਣ ਦਿੱਤੀ ਜਾਏ ਤਾਂ ਇਹ ਇੱਕੀ ਸਾਲਾਂ ਵਿਚ ਦਸ ਲੱਖ ਤੋਂ ਵਧੀਕ ਹੋ ਜਾਂਦੀ ਹੈ।

*ਜਿੰਦ ਹਰ ਥਾਂ-*

ਇਸ 'ਸਜਿੰਦ' ਰਚਨਾ ਵਿਚ ਇਕ ਹੋਰ ਗੁਣ ਭੀ ਹੈ ਜੋ 'ਹੈਰਤ' ਪੈਦਾ ਕਰ ਦੇਂਦਾ ਹੈ, ਉਹ ਹੈ ਇਸ ਦੀ 'ਵਿਆਪਕਤਾ'। ਜਿੱਥੇ ਭੀ ਵੇਖੋ ਕਿਸੇ ਨ ਕਿਸੇ 'ਜੂਨੀ' ਦੀ ਸ਼ਕਲ ਵਿਚ 'ਜਿੰਦ' ਹਰ ਥਾਂ ਮੌਜੂਦ ਹੈ। ਹੁਣ ਤਕ ਸਾਇੰਸ ਨੇ ਜਿਸ 'ਜ਼ਿੰਦਗੀ' ਦਾ ਪਤਾ ਕੱਢਿਆ ਹੈ ਉਸ ਨੂੰ 'ਪ੍ਰੋਟੋਪਲੈਜ਼ਮਿਕ' ਆਖਦੇ ਹਨ। ਇਹ 'ਜ਼ਿੰਦਗੀ' ਸਿਰਫ਼ 'ਧਰਤੀ' ਉੱਤੇ ਹੀ ਮੁਮਕਿਨ ਹੋ ਸਕਦੀ ਹੈ, ਕਿਉਂਕਿ 'ਪ੍ਰੋਟੋਪਲੈਜ਼ਮ' ਦੇ ਜੀਉਂਦੇ ਰਹਿਣ ਲਈ ਪਾਣੀ ਦੀ ਲੋੜ ਹੈ :

*ਪਹਿਲਾ ਪਾਣੀ ਜੀਉ ਹੈ।*

ਸਾਡੀ ਧਰਤੀ ਉੱਤੇ 'ਜੀਵ' ਤਕਰੀਬਨ ਹਰ ਥਾਂ ਹਨ, ਭਾਵੇਂ ਸਮੁੰਦਰ ਦੇ ਹੇਠ ਛੇ ਮੀਲ ਦੀ ਡੂੰਘਾਈ ਤੇ ਚਲੇ ਜਾਵੋ, ਤੇ ਭਾਵੇਂ ਉੱਚੇ ਤੋਂ ਉੱਚੇ ਪਰਬਤ ਚੋਟੀਆਂ ਤੇ। ਕਈ ਕਈ ਪਸ਼ੂ-ਸ਼ਰੇਣੀ ਦੇ ਜੀਵ ਤਾਂ ਐਸੇ ਸੁਭਾਵ ਵਾਲੇ ਹਨ ਕਿ ਵੇਖ ਕੇ ਮਨੁੱਖ ਦੀ ਅਕਲ 'ਹੈਰਤ' ਵਿਚ ਗੁੰਮ ਹੋ ਜਾਂਦੀ ਹੈ। ਡੂੰਘੇ ਖੁਲ੍ਹੇ ਸਮੁੰਦਰ ਵਿਚ ਇਕ ਮੱਛੀ ਰਹਿੰਦੀ ਹੈ, ਜਿਸ ਨੂੰ 'ਸਟਾਰਮੀ ਪੀਟ੍ਰਲ' (Stormy Petrel) ਆਖਦੇ ਹਨ। ਇਹ ਧਰਤੀ ਉੱਤੇ ਸਿਰਫ਼ ਬੱਚੇ ਦੇਣ ਆਉਂਦੀ ਹੈ। ਧਰਤੀ ਦੇ ਅੰਦਰ ਹਨੇਰੇ ਵਿਚ ਤਾਂ ਬੇਅੰਤ ਹੀ ਜੀਵ ਰਹਿੰਦੇ ਹਨ।



www.AKJ.Org

## *ਜੈਸਾ ਜਲ ਵਾਯੂ ਤੈਸੇ ਹੀ ਜੀਵ-*

ਧਰਤੀ ਉੱਤੇ ਥਾਂ ਥਾਂ ਤੇ ਵਖੋ-ਵਖ ਜਲ ਵਾਯੂ ਹਨ, ਹਰੇਕ ਜਲ-ਵਾਯੂ ਵਿਚ ਹਰੇਕ ਜੀਵ ਜੀਊ ਨਹੀਂ ਸਕਦਾ। ਸੋ, ਕਿਸੇ ਭੀ ਜਲ-ਵਾਯੂ ਮੰਡਲ ਵਿਚ ਜਾ ਕੇ ਵੇਖੋ, ਜੋ ਜੀਵ ਉੱਥੇ ਵੱਸਦੇ ਹਨ ਉਨ੍ਹਾਂ ਦੀ ਸਰੀਰਕ ਬਣਤਰ ਭੀ ਐਸੀ ਹੈ ਕਿ ਉਸ ਜਲ-ਵਾਯੂ ਨਾਲ ਉਹ ਰਚੇ-ਮਿਚੇ ਹੋਏ ਹਨ। ਹਰੇਕ ਜੀਵ ਨੂੰ 'ਮੁਆਫ਼ਕਤ (adaptation) ਦੀ ਮੁਜੱਸਮ ਮੂਰਤ ਸਮਝ ਲਵੋ। ਇਹ ਕਿਵੇਂ ਹੋ ਗਿਆ ? ਇਸ ਦੀਆਂ, ਜੋ ਜੀ ਚਾਹੇ ਮਨ-ਘਾੜਤਾ ਘੜ ਲਵੋ।

ਮਿਸਾਲ ਦੇ ਤੌਰ ਤੇ ਛਛੂੰਦਰ ਵਲ ਵੇਖੋ। ਇਹ ਧਰਤੀ ਦੇ ਅੰਦਰ ਰਹਿੰਦੀ ਹੈ। ਤੱਕੋ, ਕਿਵੇਂ ਇਸ ਦਾ ਹਰੇਕ ਅੰਗ ਖੁੱਡਾਂ ਵਿਚ ਜੀਊਣ ਲਈ ਫ਼ਬਵਾਂ ਬਣਿਆ ਹੋਇਆ ਹੈ। 'ਨਾਲ' ਵਰਗਾ ਜਿਸਮ, ਲੰਮੀ ਬੂਥੀ, ਬੇਲਚੇ ਵਰਗੇ ਹੱਥ, ਵਰਜ਼ੀ ਮਨੁੱਖ ਵਰਗੇ ਕਮਾਏ ਹੋਏ ਛਾਤੀ ਦੇ ਪੱਠੇ ਚੰਗੀ ਬਣਤਰ ਵਿਚ ਸਾਂਭੀਆਂ ਹੋਈਆਂ ਅੱਖਾਂ, ਅਤੇ ਇਸ ਦਾ ਬੜਾ ਤੇਜ਼ ਹਾਜ਼ਮਾ। ਪਸ਼ੂ-ਸ਼ਰੇਣੀ ਦੇ ਹਰੇਕ ਜੀਵ ਦਾ ਇਹੀ ਹਾਲ ਹੈ। ਕੀ ਇਹ 'ਹੈਰਤ-ਕੁਨ' ਨਹੀ? ਕੁਦਰਤ ਦੀ ਕੈਸੀ ਅਜਬ ਸੁੰਦਰ ਕਾਰੀਗਰੀ ਹੈ।

## *ਕਮਾਲ ਦੀ ਸੁੰਦਰਤਾ-*

ਫਿਰ, ਤੱਕੋ ਇਸ ਕਾਰੀਗਰੀ ਵਿਚ ਸੁਹਜ ਤੇ ਖ਼ੂਬਸੂਰਤੀ, ਕਿਸਮ ਕਿਸਮ ਦੇ ਰੂਪ ਦੇ ਕਿਸਮ ਕਿਸਮ ਦੇ ਰੰਗ, ਖ਼ਾਸ ਤੌਰ ਤੇ ਉੱਥੇ, ਜਿੱਥੇ ਜੀਵ-ਖੁਲ੍ਹੇ ਕੁਦਰਤੀ ਨਜ਼ਾਰਿਆਂ ਵਿਚ ਮੌਜਾਂ ਲੈ ਰਹੇ ਹਨ। ਭਾਵੇਂ ਉੱਥੇ ਕਈ ਜੰਗਲੀ ਜਾਨਵਰ ਅਜਿਹੇ ਹਨ ਜੋ ਮਨੁੱਖ ਦੇ ਮਾਰੂ ਹੋਣ ਕਰਕੇ, ਜਿੰਦ ਦੀ ਖ਼ਾਤਰ ਮਨੁੱਖ ਨੂੰ ਉਹਨਾਂ ਤੋਂ ਡਰ ਲੱਗਦਾ ਹੈ, ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹਨਾਂ ਦੀ ਸਰੀਰਕ ਬਣਤਰ ਦੀ ਖ਼ੂਬਸੂਰਤੀ ਵਿਚ ਕਮਾਲ ਹੈ। ਸੱਪ ਵਲ ਹੀ ਵੇਖੋ, ਭਾਵੇਂ ਇਸ ਦੇ ਜ਼ਹਿਰੀਲੇ-ਪਨ ਦੇ ਕਾਰਨ ਇਸ ਤੋਂ ਦਹਿਸ਼ਤ ਆ ਜਾਂਦੀ ਹੈ, ਪਰ ਤੱਕੋ ਇਸ ਦੇ ਰੰਗਾਂ ਦੀ ਸੁੰਦਰਤਾ, ਇਕ ਦੂਜੇ ਤੋਂ ਵਧੀਆ।

## *ਹੱਦ ਦਰਜੇ ਦੀਆਂ ਗੁੰਝਲਾਂ-*

ਇਸ 'ਸਜਿੰਦ-ਰਚਨਾਂ' ਦਾ ਇਕ ਹੋਰ ਪਾਸਾ ਭੀ ਬੜਾ 'ਵਿਸਮਾਦ-ਜਨਕ' ਹੈ। ਇਹਨਾਂ ਦੀ ਸਰੀਰਕ ਬਣਤਰ ਵਿਚ ਹੱਦ ਦਰਜੇ ਦੀਆਂ ਗੁੰਝਲਾ ਹਨ। ਕਿਸੇ ਪੰਛੀ ਦਾ ਇਥਕ ਖੰਭ ਲੈ ਕੇ ਖ਼ੁਰਦ-ਬੀਨ ਹੇਠ ਰੱਖ ਕੇ ਵੇਖੋ, ਸੈਕੜੇ ਹਜ਼ਾਰਾਂ ਵਖ-ਵਖ ਹਿੱਸੇ ਦਿੱਸਣਗੇ। ਸਾਇੰਸ ਵਾਲੇ ਦੱਸਦੇ ਹਨ ਕਿ ਵੇਲ-ਮੱਛ ਦੀ ਮੁੱਛ ਦੇ ਇਕ ਵਾਲ ਵਿਚ ਚਾਰ ਸੌ ਸੂਖਮ ਨਸਾਂ ਹੁੰਦੀਆਂ ਹਨ। ਇਨਸਾਨ ਦੇ ਦਿਮਾਗ਼ ਵਿਚ ਸੂਖਮ ਨਸਾਂ ਦੇ ਕ੍ਰੋੜਾਂ ਹੀ ਘੁਰੇ (cells) ਹਨ ਅਤੇ ਅਨਗਿਣਤ ਹੀ ਅਣੂ ਤੇ ਬਿਜਲਾਣੂ ਹਨ ਤੇ ਉਹਨਾਂ ਵਿਚ ਪੈ ਰਹੀਆਂ ਲਹਿਰਾਂ ਤੇ ਥੱਰਾਟਾਂ। ਨਿਰੋਏ ਮਨ ਵਾਲੇ ਦਿਮਾਗ਼ ਵਿਚ ਇਹ ਸਾਰੇ ਹੀ ਬੇਅੰਤ ਅਣੂ ਤੇ ਪਰਮਾਣੂ ਆਪੋ ਵਿਚ ਦੀ ਰਲਵੀਂ ਤੇ ਬੱਝਵੀਂ ਮਰਯਾਦਾ ਵਿਚ ਦੌੜ-ਭੱਜ ਕਰਦੇ ਹਨ।

ਜੋਤਿਸ਼ ਵਿੱਦਿਆ ਵਾਲੇ ਜਦੋਂ ਤਾਰਿਆ ਤੇ ਨਛੱਤ੍ਰਾਂ ਦਾ ਹਾਲ ਦੱਸਦੇ ਹਨ, ਤਾਂ ਇਨ੍ਹਾਂ ਤਾਰਿਆਂ ਦੀ ਸਾਡੀ ਧਰਤੀ ਤੋਂ ਕ੍ਰੋੜਾਂ ਮੀਲਾਂ ਦੀ ਵਿੱਥ ਹੈਰਾਨ ਕਰ ਦੇਂਦੀ ਹੈ। ਜੀਆਂ-ਜੰਤਾਂ ਦੀ ਵਿੱਦਿਆ ਵਾਲੇ ਦੱਸਦੇ ਹਨ ਕਿ ਕਈ ਐਸੇ ਜੀਵ ਹਨ ਜਿਨ੍ਹਾਂ ਦੇ ਜਿਸਮ ਵਿਚ ਲੱਖਾਂ ਹੀ 'ਘੁਰੇ' (cells) ਹੁੰਦੇ ਹਨ ਅਤੇ ਹਰੇਕ 'ਘੁਰੇ' ਦਾ ਆਪੋ ਆਪਣਾ ਕੇਂਦਰੀ 'ਪ੍ਰਿੱਤਾ' (nucleus) ਹੁੰਦਾ ਹੈ। ਬਾਗ਼ ਵਿਚ ਪੜ੍ਹਦਿਆਂ ਤੁਹਾਡੀ ਕਿਤਾਬ ਉੱਤੇ ਇਕ ਨਿੱਕਾ ਜਿਹਾ ਕੀੜਾ ਆ ਬੈਠਦਾ ਹੈ, ਜੋ ਇਕ ਨਿੱਕੇ ਜਿਹੇ ਅੱਪਰ ਤੋਂ ਭੀ ਛੋਟਾ ਹੈ, ਪਰ 'ਬਾਇਆਲੋਜ਼ੀ ਵਿੱਦਿਆ ਵਾਲੇ ਉਸ ਨੂੰ ਖ਼ੁਰਦਬੀਨ ਹੇਠ ਰੱਖ ਕੇ ਦੱਸਦੇ ਹਨ ਕਿ ਉਸ ਕੀੜੇ ਦਾ ਦਿਮਾਗ਼ ਭੀ ਹੈ, ਖ਼ੁਰਾਕ ਵਾਲੀ ਨਾਲੀ ਭੀ ਹੈ, ਸਾਹ ਲੈਣ ਵਾਲੀਆਂ ਨਾਲੀਆਂ ਭੀ ਹਨ। ਇਹੀ ਹਾਲ ਫੁੱਲਾਂ ਤੇ ਪੱਤਿਆਂ ਦੀ ਬਣਤਰ ਦਾ ਹੈ।

## *ਕੋਈ ਪੂਰਾ ਕਾਰੀਗਰ-*

ਇਕ ਅੰਗਰੇਜ਼ ਸਾਇੰਸਦਾਨ ਲਿਖਦਾ ਹੈ ਕਿ ਜਦੋਂ ਤੁਰਨ ਲੱਗਿਆ ਅਸੀਂ ਇਕ ਲੱਤ ਚੁੱਕੇ ਕੇ ਅਗਾਂਹ ਰੱਖਣ ਲੱਗਦੇ ਹਾਂ ਤਾਂ ਇਤਨੇ ਸਮੇਂ ਵਿਚ ਸਾਡੇ ਚੌਰੰਜਾ ਪੱਠੇ ਹਰਕਤ ਵਿਚ ਆਉਂਦੇ ਹਨ, ਸਾਰੇ ਇੱਕ



www.AKJ.Org

ਵਾਰੀ ਨਹੀਂ। ਸਗੋਂ ਬੜੀ ਸੂਖਮ ਤਰਤੀਬ ਤੇ ਪੂਰੀ ਜੁਗਤ ਨਾਲ। ਨਿਰੋਏ ਮਨੁੱਖ ਵਿਚ ਇਹ ਤਰਤੀਬ ਤੇ ਜੁਗਤ ਸਦਾ ਇੱਕ-ਸਾਰ ਰਹਿੰਦੀ ਹੈ, ਜਿਵੇਂ ਇਹ ਸਾਰੇ ਪੱਠੇ ਕਿਸੇ ਖ਼ਾਸ ਜੱਥੇਬੰਦੀ ਵਿਚ ਹਨ, ਤੇ ਇਹਨਾ ਦੇ ਕਾਰੀਗਰ ਨੇ ਬੜੀ ਸਿਆਣਪ ਨਾਲ ਜੋੜ ਕੇ ਰੱਖੇ ਹਨ। ਇਹੀ ਹਾਲ ਜਿਸਮ ਦੇ ਬਾਕੀ ਪੱਠਿਆਂ ਦਾ ਹੈ।

ਇਹੀ ਠੀਕ ਹੈ ਕਿ ਹਰੇਕ ਗੁੰਝਲਦਾਰ ਮਸ਼ੀਨ ਦੇ ਪੁਰਜ਼ੇ ਤਰਤੀਬ ਤੇ ਪੂਰੀ ਜੁਗਤ ਨਾਲ ਹੀ ਮਿਲਵਾ ਕੰਮ ਕਰਦੇ ਹਨ, ਤਾਂ ਹੀ ਸਾਰੀ ਮਸ਼ੀਨ ਠੀਕ ਕੰਮ ਦੇ ਸਕਦੀ ਹੈ। ਪਰ ਇਸ ਮਸ਼ੀਨ ਦੀ ਬਣਤਰ ਚੇਤਨ-ਹਸਤੀ ਮਨੁੱਖ ਨੇ ਬਣਾਈ ਹੈ। ਇਸੇ ਤਰ੍ਹਾਂ ਮਨੁੱਖ ਦੇ ਜਿਸਮ ਦੀ ਮਸ਼ੀਨ ਭੀ ਕਿਸੇ ਪੂਰੇ ਕਾਰੀਗਰ ਦੀ ਸਿਆਣਪ ਨਾਲ ਹੀ ਬਣੀ ਹੈ।

ਇਨਸਾਨੀ ਜਿਸਮ ਦੀ ਮਸ਼ੀਨ ਵਿਚ ਇਕ ਹੋਰ ਵਾਧਾ ਹੈ। ਇਹ ਮਸ਼ੀਨ ਆਪਣੇ ਆਪ ਚਲਦੀ ਰਹਿੰਦੀ ਹੈ, ਆਪਣੇ ਆਪ ਹੀ ਮੁਰੰਮਤ ਹੋ ਜਾਂਦੀ ਹੈ, ਆਪਣੇ ਆਪ ਹੀ ਨਿੱਕੇ ਜਿਹੇ ਅਕਾਰ ਤੋਂ ਵੱਡੇ ਅਕਾਰ ਵਿਚ ਆ ਜਾਂਦੀ ਹੈ, ਤੇ ਆਪਣੇ ਆਪ ਹੀ ਗਿਣਤੀ ਵਿਚ ਵਧਦੀ ਜਾਂਦੀ ਹੈ। ਫਿਰ, ਇਹ ਮਸ਼ੀਨ ਸੂਝ ਵਾਲੀ ਭੀ ਹੈ।

ਅਸੀਂ ਮਨੁੱਖ ਦੀਆਂ ਬਣਾਈਆਂ ਮਸ਼ੀਨਾਂ ਵੇਖ ਕੇ, ਅੱਜ ਦੀ ਸਾਇੰਸ ਦੇ ਕਮਾਲ ਤੇ ਹੈਰਾਨ ਹੁੰਦੇ ਹਾਂ। ਕੀ ਇਹ ਇਨਸਾਨੀ ਜਿਸਮ ਦੀ ਮਸ਼ੀਨ ਭੀ ਵਿਸਮਾਦ-ਜਨਕ ਨਹੀਂ ਹੈ ?

ਦੋ ਹਜ਼ਾਰ ਸਾਲ ਤੋਂ ਵਧੀਕ ਬੀਤ ਚੁਕੇ ਹਨ ਜਦੋਂ ਅਰੱਸਤੂ ਨੇ ਇਕ ਆਂਡੇ ਦੇ ਅੰਦਰ ਚੂਚੇ ਦੀ ਪੈਦਾਇਸ਼ ਨੂੰ ਬੜੇ ਗਹੁ ਨਾਲ ਪਰਖ ਕੇ ਵੇਖਿਆ, ਉਸਦੀਆਂ ਕਈ ਵਿਚਾਰਾਂ ਐਸ ਵੇਲੇ ਭੀ ਸੁਆਦਲੀਆਂ ਹਨ। ਐਸ ਵੇਲੇ ਭੀ ਇਹ ਖ਼ਿਆਲ ਇਕ ਵਿਚਾਰਵਾਨ ਮਨੁੱਖ ਨੂੰ ਹੈਰਤ ਵਿਚ ਲੈ ਆਉਂਦਾ ਹੈ ਕਿ ਕਿਵੇਂ ਇਕ ਸਾਦਾ-ਜਿਹੀ-ਦਿੱਸਦੀ ਸ਼ੈ ਤੋਂ ਇਕ ਬੜੀ ਗੁੰਝਲਦਾਰ ਜਿਸਮਾਨੀ ਬਨਾਵਟ ਵਾਲਾ ਚੂਚਾ ਬਣ ਜਾਂਦਾ ਹੈ। ਉਸ ਸਾਦਾ ਜਿਹੀ ਚੀਜ਼ ਵਿਚ ਪਹਿਲਾਂ ਚੂਚੇ ਦਾ ਕੋਈ ਅੰਗ ਨਹੀਂ ਦਿੱਸਦਾ। ਫਿਰ ਇਸ ਅਣ-ਦਿੱਸਦੀ ਹਾਲਤ ਤੋਂ ਇਕ ਜਿਸਮ ਦਿੱਸ ਪੈਂਦਾ ਹੈ, ਇਥ ਹੀ 'ਘੁਰੇ' (cell) ਤੋਂ ਕਈ ਅੰਗ ਬਣੇ ਜਾਂਦੇ ਹਨ। ਇਹ ਇਕ ਬੇ-ਮਿਸਾਲ ਗੱਲ ਹੈ।

### *ਕਾਦਰ ਦਾ ਚੇਤਾ ਕਰਾਣ ਵਾਲੀ-*

ਇਕ ਸੁਆਦਲੀ ਨਿੱਕੀ ਜਿਹੀ ਕਹਾਣੀ ਹੈ। ਇਕ ਪੈਂਡੂ ਅੰਗਰੇਜ਼ ਇਕ ਵਾਰੀ ਲੰਡਨ ਸ਼ਹਿਰ ਵਿਚ ਆ ਗਿਆ। ਇਕ ਬਜ਼ਾਰ ਵਿਚ ਇਕ ਦੁਕਾਨ ਦੀ ਬਾਰੀ ਵਿਚ ਅੰਡੇ ਦੇਣ ਵਾਲੀਆਂ ਕਲਾਂ (chick-incubators) ਵਿਕਾਊ ਪਈਆਂ ਸਨ। ਕਈਆਂ ਆਂਡਿਆਂ ਦੇ ਸਿੱਕੜਾਂ ਵਿਚੋਂ ਨਿੱਕੇ ਨਿੱਕੇ ਚੂਚੇ ਪੂਰੀ ਸ਼ਕਲ ਧਾਰ ਕੇ ਬਾਹਰ ਨਿਕਲ ਰਹੇ ਸਨ। ਪੇਂਡੂ ਦੀ ਨਜ਼ਰ ਇਹਨਾਂ ਨਵੇਂ ਜੰਮਦੇ ਚੂਚਿਆਂ ਤੇ ਜਾ ਪਈ। ਉਸ ਦੁਕਾਨ ਦੇ ਸਾਹਮਣੇ ਖਲੋ ਗਿਆ ਤੇ ਆਪਣੇ ਸਾਥੀਆਂ ਨੂੰ ਆਖਣ ਲੱਗਾ- ਵਾਹ ਵਾਹ ! ਕਿਆ ਅਜਬ ਕੁਦਰਤ ਹੈ ! ਇਹ ਹੈ ਵੇਖਣ ਵਾਲੀ ਚੀਜ਼ ! ਕੁਦਰਤ ਦਾ ਇਹ ਹੈਰਤ ਵਿਚ ਲਿਆਉਣ ਵਾਲਾ ਕੌਤਕ ਵੇਖਣ ਤੋਂ ਪਿਛੋਂ ਬੇ ਸ਼ੱਕ ਕੋਈ ਟੱਕਰਾਂ ਪਿਆ ਮਾਰੇ ਤੇ ਆਖੇ ਕਿ ਕੋਈ 'ਰੱਬ' ਨਹੀਂ ਹੈ। ਜਿਸ ਨੇ ਇਹ ਕੌਤਕ ਵੇਖ ਲਿਆ ਹੈ, ਉਸ ਨੂੰ ਰੱਬ ਦੀ ਹੋਂਦ ਤੇ ਕਦੇ ਕੋਈ ਸ਼ੱਕ ਨਹੀਂ ਪੈ ਸਕਦਾ।

### *ਹੈਰਾਨ ਕਰਨ ਵਾਲੀ ਇਹ ਜਗਤ-ਖੇਡ-*

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਇੰਸ ਨੇ ਇਸ ਉਤਪੱਤੀ ਬਾਰੇ ਕਈ ਗੱਲਾਂ ਸਮਝਾ ਦਿੱਤੀਆਂ ਹਨ, ਪਰ ਉਹ ਅਸਲ ਰਾਜ਼ ਅਜੇ ਭੀ ਬੇਅੰਤ ਵਿੱਥ ਤੇ ਹੈ। 'ਸਜੀਵ-ਮਾਦੇ' ਦੀ ਇਕ ਬੂੰਦ ਵਿਚ (ਜਿਸਦੇ ਅੰਦਰ ਇਕ ਅੱਤ ਸੂਖਮ ਕੇਂਦਰ ਹੈ) ਸਾਰੀ ਜਿਸਮਾਨੀ ਬਣਤਰ ਲੁਕੀ ਪਈ ਹੈ। ਇਹ ਕਿਵੇਂ ਹੈ ? ਫਿਰ, ਉਹ ਸੂਖਮ ਬਣਤਰ ਵਲ ਫੁਲ ਕੇ ਇਕ ਸੁਹਣਾ ਚੂਚਾ ਬਣ ਜਾਂਦਾ ਹੈ। ਇਹ ਇਕ ਐਸਾ ਰਾਜ਼ ਹੈ ਜੋ ਮਨੁੱਖ ਨੂੰ ਹਰਕਤ ਵਿਚ ਲੈ ਆਉਂਦਾ ਹੈ, ਜੋ ਵਿਸਮਾਦ-ਜਨਕ ਹੈ।

ਮਨੁੱਖ ਦੀ ਜਿਸਮਾਨੀ ਬਨਾਵਟ ਲੱਖਾਂ ਸਾਲਾਂ ਦੇ ਵਿਕਾਸ ਦਾ ਨਤੀਜਾ ਹੈ। ਹੋਰ ਪਿਛਾਂਹ ਤੁਰੇ ਜਾਉ, ਤੇ ਇਹ ਕਹਿ ਦਿਓਗੇ ਕਿ ਇਸ ਤੋਂ ਪਹਿਲਾਂ "ਕੁਦਰਤ ਦਾ ਕਾਨੂੰਨ" ਮੌਜੂਦ ਸੀ। ਇਕ ਧਾਰਮਿਕ ਸੁਭਾਵ


www.AKJ.Org

ਵਾਲਾ ਮਨੁੱਖ ਆਖੇਗਾ ਕਿ 'ਪਰਮਾਤਮਾ ਦੀ ਤਾਕਤ' ਇਸ ਬਾਰੇ ਜਗਤ-ਖੇਲ ਦੇ ਪਿੱਛੇ ਹੈ। ਪਰ ਰਤਾ ਸੁਰਤ ਜੋੜ ਕੇ ਤਕੋ, ਕਿਤਨੀ ਹੈਰਤ-ਕੁਨ ਕਿਤਨੀ ਵਿਸਮਾਦ-ਜਨਕ ਇਹ ਖੇਲ ਹੈ।

*ਸਾਰੇ ਜੀਵਾਂ ਦੀ ਕ੍ਰਿਆ ਦਾ ਇੱਕੋ ਰੁੱਖ਼-*

'ਜ਼ਿੰਦਗੀ' ਦਾ ਇਕ ਹੋਰ ਪਾਸਾ ਭੀ ਹੈ ਜੋ ਵਿਸਮਾਦ ਦਸ਼ਾ ਪੈਦਾ ਕਰਦਾ ਹੈ, ਉਹ ਹੈ 'ਜ਼ਿੰਦਗੀ' ਦਾ ਰਵੱਈਆ, ਜ਼ਿੰਦਗੀ ਦੇ ਲੱਛਣ। ਬੇਅੰਤ ਜੂਨੀਆਂ ਦੇ ਜੀਵਾਂ ਵਲ ਗਹੁ ਨਾਲ ਵੇਖੋ; ਜੀਵਾ ਦੀ ਕ੍ਰਿਆ, ਅਤੇ ਦਰਿਆ, ਹਵਾ ਆਦਿਕ ਦੀ ਕ੍ਰਿਆ ਵਿਚ ਬੜਾ ਫ਼ਰਕ ਹੈ। ਜੀਵਾਂ ਦੀ ਸਾਰੀ ਹੀ ਕ੍ਰਿਆ ਦੀ ਲੜੀ ਦਾ ਰੁਖ਼ ਸਦਾ ਹੀ ਇਕ ਖ਼ਾਸ ਪਾਸੇ ਵਲ ਹੁੰਦਾ ਹੈ, ਭਾਵ, ਹਰੇਕ ਕਿਸਮ ਦੇ ਜੀਵ ਦੇ ਸਾਹਮਣੇ ਹਰ ਵੇਲੇ ਆਪਣੀ ਰੱਖਿਆ ਤੇ ਆਪਣੀ ਭਲਾਈ ਦਾ ਨਿਸ਼ਾਨਾ ਮੌਜੂਦ ਹੈ। ਨਿੱਕੀ ਤੋਂ ਨਿੱਕੀ ਕੀੜੀ ਤੋਂ ਲੈ ਕੇ ਮਨੁੱਖ ਤਕ ਸਭ ਵਿਚ ਇਹ ਲੱਛਣ ਸਾਫ਼ ਪਰਗਟ ਹੈ।

*ਜਮਾਂਦਰੂ ਗੁਣ-*

ਇਕ ਨਿੱਕਾ ਜਿਹਾ ਕਹਿਣਾ (Spider), ਜਿਸ ਨੇ ਪਹਿਲਾਂ ਕਦੇ ਆਪਣਾ 'ਜਾਲਾ' ਨਹੀਂ ਤਣਿਆ, ਜਦੋਂ 'ਜਾਲਾ' ਤਣਤਾ ਹੈ ਤਾਂ ਉਹ ਹੂ-ਬ-ਹੂ ਉਸੇ ਨਮੂਨੇ ਦਾ ਹੁੰਦਾ ਹੈ ਜੋ ਉਸ ਤੋਂ ਪਹਿਲੇ ਕਹਿਣੇ ਬਣਾਦੇ ਆਏ ਹਨ, ਕਿਤੋਂ ਉਸਨੂੰ ਨਕਲ ਕਰਨ ਦੀ ਲੋੜ ਨਈਂ ਪੈਂਦੀ। 'ਜਾਲੇ' ਦੀਆਂ ਸਾਰੀਆਂ ਗੁੰਝਲਾਂ, ਸਾਰੀਆਂ ਤਾਰਾਂ, ਬਿਨਾ ਕਿਸੇ ਝਿਜਕ ਤੇ ਸ਼ੱਕ ਦੇ, ਉਹ ਤਣੀ ਜਾਂਦਾ ਹੈ, ਕਿਤੇ ਉਸ ਨੂੰ ਸ਼ਗਿਰਦੀ ਕਰਨ ਦੀ ਲੋੜ ਨਹੀਂ ਪੈਂਦੀ । ਸਿਆਣੇ ਆਖਦੇ ਹਨ ਕਿ ਇਹ ਤਾ ਇਸ ਵਿਚ 'ਜਮਾਂਦਰੂ ਗੁਣ' ਹੈ। ਪਰ ਕਈ ਐਸੇ ਪਸ਼ੂ-ਪੰਛੀ ਹਨ ਜੋ ਆਪਣੀ ਕ੍ਰਿਆ ਵਿਚ ਇਹ 'ਜਮਾਦਰੂ ਗੁਣ' ਭੀ ਵਿਖਾਦੇ ਹਨ ਤੇ 'ਸਮਝ ਦਾ ਲੱਛਣ' ਭੀ। ਕੁੱਤੇ, ਘੋੜੇ ਹਾਥੀ ਤੇ ਬਾਂਦਰ ਵਿਚ ਇਹ ਗੱਲਾਂ ਮਿਲਦੀਆ ਹਨ। ਬਾਂਦਰ ਪਿੰਜਰੇ ਵਿਚ ਡੱਕਿਆ ਪਿਆ ਹੈ, ਪਿੰਜਰੇ ਦੀ ਛੱਤ ਨਾਲ ਇਕ ਫਲ ਲਟਕ ਰਿਹਾ ਹੈ, ਜੋ ਉਸ ਦੀ ਪਹੁੰਚ ਤੋਂ ਉਤਾਹ ਹੈ, ਪਿੰਜਰੇ ਵਿਚ ਦੋ ਤਿੰਨ ਮੇਜ਼ਾਂ ਪਈਆ ਹਨ, ਉਹ ਝੱਟ ਉਹਨਾ ਮੇਜ਼ਾ ਨੂੰ ਇਕ ਦੂਜੀ ਉੱਤੇ ਰੱਖ ਕੇ ਫਲ ਉਤਾਰ ਲਏਗਾ।

*ਹੈਰਾਨ ਕਰਨ ਵਾਲਾ ਵਿਕਾਸ-*

ਇਸ 'ਸਜਿੰਦ' ਸ੍ਰਿਸ਼ਟੀ ਵਿਚੋਂ ਚੋਟੀ ਦਾ ਹੈਰਤ-ਕੁਨ ਲੱਛਣ ਹੈ ਇਸ ਦਾ 'ਵਿਕਾਸ'। ਦੋ ਸੌ ਕਰੋੜ ਸਾਲਾ ਤੋਂ, ਜਦੋਂ ਸਾਡੀ ਇਹ ਧਰਤੀ ਸੂਰਜ ਨਾਲੋਂ ਵੱਖਰੀ ਹਸਤੀ ਵਿਚ ਆਈ ਹੈ, 'ਵਿਕਾਸੱ' ਦੁਆਰਾ ਸਾਦਾ ਜਿਹੀ ਸ਼ਕਲ ਤੋਂ ਅਨੇਕਾਂ ਰੂਪਾਂ ਰੰਗਾਂ ਵਾਲੀ ਬਨਸਪਤੀ ਤੇ ਜੀਵ-ਰਚਨਾ ਹੋ ਗਈ ਹੈ। ਹਰ ਥਾਂ ਬੱਝਵੇਂ ਨਿਯਮ ਕੰਮ ਕਰ ਰਹੇ ਹਨ, ਜਿੱਥੋਂ ਪਤਾ ਲਗਦਾ ਹੈ ਕਿ ਇਹ ਸਾਰੀ ਰਚਨਾ, ਇਹ ਸਾਰੀ ਜ਼ਿੰਦਗੀ, ਕਿਸੇ ਖ਼ਾਸ ਮਨੋਰਥ ਨੂੰ ਸਾਹਮਣੇ ਰੱਖ ਕ। ਪੈਦੀ ਕੀਤੀ ਗਈ ਹੈ।

ਮੁੱਕਦੀ ਗੱਲ, ਜਿਉਂ ਜਿਉਂ ਸਾਇੰਸ-ਵੇਤੱਾ ਕੁਦਰਤ ਦੀ ਡੂੰਘੀ ਤਹਿ ਵਿਚ ਜਾਣ ਦਾ ਜਤਨ ਕਰਦੇ ਹਨ, ਤਿਉ ਤਿਉਂ ਵਧ ਤੋਂ ਵਧ ਹੈਰਤ-ਕੁਨ ਭੇਤ ਖੁਲ੍ਹ ਰਹੇ ਹਨ, ਤੇ ਕੁਦਰਤ ਹੋਰ ਡੂੰਘੀ ਹੁੰਦੀ ਜਾ ਰਹੀ ਹੈ ਵਿਸਮਾਦ ਵਿਚ ਆ ਕੇ ਇਸ ਕੁਦਰਤ ਦੇ ਕਾਰੀਗਰ ਨੂੰ ਇਉਂ ਸਲਾਹੁਣ ਲੱਗ ਪਈਦਾ ਹੈ:

ਵਾਹੁ ਵਾਹੁ ਸਚੇ ਪਾਤਿਸਾਹ ਤੂ, ਸਚੀ ਨਾਈ॥(੮੪੭)

---

## ਸੂਰਾ ਸਹਾਇਤਾ ਫੰਡ ਵਿਚ ਪੁੱਜੀ ਸਹਾਇਤਾ

| | | | |
|---|---|---|---|
| ਗੁਪਤ- | 50/- | ਗੁਪਤ- | 1500/- |
| ਗੁਪਤ- | 200/- | ਬੀਬੀ ਜਸਵਿੰਦਰ ਕੌਰ- | 60/- |
| ਗੁਪਤ- | 100/- | ਬੀਬੀ ਜਸਵਿੰਦਰ ਕੌਰ ਧਾਲੀਵਾਲ ਬੇਟ- | 250/- |
| | | ਸ੍: ਕੁਲਵੰਤ ਸਿੰਘ- | 500/- |



www.AKJ.Org

# ਫਾਂਸੀ ਦੇ ਤਖ਼ਤੇ ਉੱਤੇ ਛੇਂ ਬੱਬਰਾਂ ਦੀ ਸ਼ਹੀਦੀ

*(ਸ੍ਰ: ਸੁੰਦਰ ਸਿੰਘ ਜੀ)*

੨੭ ਫ਼ਰਵਰੀ ੧੯੨੬ ਨੂੰ ਜੱਥੇਦਾਰ ਕਿਸ਼ਨ ਸਿੰਘ, ਬਾਬੂ ਸੰਤਾ ਸਿੰਘ, ਦਲੀਪਾ ਧਾਮੀਆਂ, ਧਰਮ ਸਿੰਘ, ਹਯਾਤਪੁਰ, ਕਰਮ ਸਿੰਘ ਮਾਣਕੋ ਅਤੇ ਨੰਦ ਸਿੰਘ ਘੁੜਿਆਲ ਛਿਆਂ ਬੱਬਰਾਂ ਨੂੰ ਫਾਂਸੀ ਲਟਕਾ ਦਿੱਤਾ ਗਿਆ। ਇਹਨਾਂ ਬੱਬਰਾਂ ਦੇ ਦਿਲਾਂ ਉਪਰ ਫਾਂਸੀ ਚੜ੍ਹਨ ਵੇਲੇ ਆਪਣੀ ਮੌਤ ਦਾ ਰੰਚਕ ਮਾਤਰ ਡਰ ਨਹੀਂ ਸੀ।

ਜੱਥੇਦਾਰ ਨੇ ਫਾਂਸੀ ਲਗਣ ਤੋਂ ਪਹਿਲੀ ਰਾਤ ਨੂੰ ਫਾਸੀ-ਕੋਠੀ ਵਿਚੋਂ ਪਹਿਲਾਂ ਵਰਗੀ ਕੜਕਵੀਂ ਅਵਾਜ਼ ਵਿਚ ਕਈ ਵਾਰ ਤਕਰੀਰ ਕੀਤੀ, ਜਿਸ ਦਾ ਸਾਰ-ਅੰਸ਼ ਕੁਝ ਇਸ ਤਰ੍ਹਾਂ ਸੀ :

"ਸਾਡੇ ਧੰਨ ਭਾਗ ਹਨ ਕਿ ਅਸੀਂ ਅੱਜ ਉਨ੍ਹਾਂ ਸੈਂਕੜੇ ਦੇਸ਼-ਭਗਤਾਂ ਦੀ ਸਫ਼ ਵਿਚ ਖੜੇ ਹੋਣ ਵਾਲੇ ਹਾਂ, ਜੋ ਆਪਣੀ ਮਾਤ-ਭੂਮੀ ਦੀ ਬੰਦ-ਖਾਲਸ ਦਾ ਘੋਲ ਕਰਦੇ ਹੋਏ ਫਾਂਸੀ ਦੇ ਤਖ਼ਤੇ ਪੁਰ ਚੜ੍ਹੇ। ਅਸੀਂ ਅੱਜ ਕ੍ਰਮ ਸਿੰਘ, ਉਦੈ ਸਿੰਘ ਤੇ ਧੰਨਾ ਸਿੰਘ ਆਦਿ ਸ਼ਹੀਦਾਂ ਨਾਲ ਮਿਲਣ ਵਾਲੇ ਹਾਂ, ਜੋ ਦੁਸ਼ਮਣ ਨਾਲ ਜੂਝਦੇ ਹੋਏ, ਰਣ-ਭੂਮੀ ਵਿਚ ਸ਼ਹੀਦ ਹੋ ਕੇ ਸਾਥੋਂ ਅਗੇ ਲੰਘ ਗਏ ਹਨ। ਅੱਜ ਸਾਡਾ ਵੈਰੀ ਭੀ ਖ਼ੁਸ਼ ਹੁੰਦਾ ਹੋਵੇਗਾ, ਪਰ ਹਕੀਕੀ ਖ਼ੁਸ਼ੀ ਸਾਨੂੰ ਹੈ, ਕਿਉਂਕਿ ਅਸੀਂ ਆਪਣਾ ਬਚਨ ਤੇ ਫਰਜ਼ ਪੂਰਾ ਕਰ ਰਹੇ ਹਾਂ ਅਤੇ ਅਮਰ ਹੋ ਰਹੇ ਹਾਂ। ਦੁਸ਼ਮਣ ਦੀ ਖ਼ੁਸ਼ੀ ਵਕਤੀ ਹੈ। ਉਹ ਸਮਝਦਾ ਹੈ ਕਿ ਸਾਨੂੰ ਰਸਤੇ ਵਿਚੋਂ ਦੂਰ ਕਰ ਕੇ ਉਹ ਬੇਫ਼ਿਕਰੀ ਨਾਲ ਭਾਰਤ ਨੂੰ ਲੁਟ ਸਕੇਗਾ, ਪਰ ਇਹ ਉਸ ਦੀ ਭੁੱਲ ਹੈ। ਸ਼ਹੀਦਾਂ ਦੇ ਖ਼ੂਨ ਦੇ ਕਤਰੇ ਇਨਕਲਾਬੀ ਸ਼ਕਤੀ ਦੇ ਬੀਜ ਹਨ, ਜੋ ਦੁਨੀਆਂ ਵਿਚੋਂ ਸਦਾ ਲਈ ਜ਼ੁਲਮ ਤੇ ਜਬਰ ਦਾ ਨਾਸ ਕਰ ਦੇਣਗੇ। ਉਹ ਦਿਨ ਬਹੁਤ ਨੇੜੇ ਹੈ ਜਦ ਇਹ ਸ਼ਕਤੀ ਭਾਰਤ ਵਿਚੋਂ ਬਰਤਾਨਵੀ ਹਕੂਮਤ ਦੀ ਜੜ੍ਹ ਉਖੇੜ ਦੇਵੇਗੀ। ਸ਼ਹੀਦਾਂ ਦਾ ਖ਼ੂਨ ਇਸ ਇਨਕਲਾਬੀ ਸ਼ਕਤੀ ਨੂੰ ਪਰਚੰਡ ਕਰ ਰਿਹਾ ਹੈ। ਸ਼ੁਕਰ ਹੈ ਕਿ ਸਾਨੂੰ ਭੀ ਇਸ ਮਹਾਨ ਸ਼ਕਤੀ ਦਾ ਇਕ ਤੁਛ ਹਿੱਸਾ ਬਣਨ ਦਾ ਮਾਣ ਪ੍ਰਾਪਤ ਹੋਇਆ ਹੈ।

"ਇਹ ਹਕੂਮਤ ਇੰਨੀਂ ਕਮਜ਼ੋਰ ਅਤੇ ਖੋਖਲੀ ਹੋ ਚੁੱਕੀ ਹੈ ਕਿ ਇਕ ਬੱਬਰ ਜੱਥੇ ਨੇਂ ਹੀ ਇਸ ਨੂੰ ਡੇਢ ਦੋ ਸਾਲ ਵਾਸਤੇ ਇਕ ਖਾਸੇ ਇਲਾਕੇ ਵਿਚ ਨਾਕਾਮ ਕਰ ਕੇ ਰੱਖ ਦਿੱਤਾ ਸੀ। ਜਦੋਂ ਥਾਂ ਪੁਰ ਥਾਂ ਅਜਿਹੇ ਜੱਥੇ ਉਠ ਖੜੋਤੇ ਤਾਂ ਇਸ ਹਕੂਮਤ ਦਾ ਕੀ ਹਾਲ ਹੋਵੇਗਾ।

"ਸਾਡੀ ਆਖ਼ਰੀ ਇੱਛਾ ਹੈ ਕਿ ਸਾਡਾ ਦੇਸ਼ ਸਾਡੇ ਨਾਲ ਤੇ ਜੀਊਂਦੇ ਰਹਿਣ ਵਾਲੇ ਬੱਬਰਾਂ ਦੀਆਂ ਅੱਖਾਂ ਸਾਹਮਣੇ ਮੁਕੰਮਲ ਤੌਰ ਪੁਰ ਅਜ਼ਾਦ ਹੋ ਜਾਵੇ। ਸਾਨੂੰ ਇਹ ਭੀ ਵਿਸ਼ਵਾਸ ਹੈ ਕਿ ਅਜਿਹਾ ਹੋ ਕੇ ਰਹੇਗਾ।"

ਤੜਕਾ ਹੋਇਆ ਤਾਂ ਬੱਬਰਾਂ ਨੇ ਇਕ-ਧੁਨ ਹੋ ਕੇ ਪਾਠ ਕੀਤਾ। ਵਕਤ ਨੇੜੇ ਆਉਂਦਾ ਗਿਆ। ਸੁਪ੍ਰੰਟੰਡੰਟ, ਦਰੋਗਾ, ਮੈਜਿਸਟ੍ਰੇਟ, ਡਾਕਟਰ ਨੰਬਰਦਾਰ ਅਤੇ ਜੇਲ੍ਹ-ਪੁਲਸ ਕੋਠੀਆਂ ਦੇ ਅੱਗੇ ਆ ਖਲੋਤੇ। ਬੱਬਰਾਂ ਨੂੰ ਬਾਹਰ ਕਢਿਆ ਗਿਆ ਤਾਂ ਉਹ ਜਲੂਸ ਬਣਾ ਕੇ ਜੈਕਾਰੇ ਛੱਡਦੇ ਹੋਏ ਫਾਂਸੀ ਤੇ ਤਖ਼ਤੇ ਵਲ ਵਧੇ, ਜਿਵੇਂ ਉਹ ਕਿਸੇ ਮੁਹਿੰਮ ਨੂੰ ਫ਼ਤਹ ਕਰਨ ਜਾ ਰਹੇ ਸਨ। ਆਮ ਹਾਲਾਤ ਦੇ ਉਲਟ ਬੱਬਰਾਂ ਦੇ ਰੋਹ ਭਰੇ ਚਿਹਰੇ ਦਗ-ਦਗ ਕਰ ਰਹੇ ਸਨ। ਉਨ੍ਹਾਂ ਦੀਆ ਧੌਣਾਂ ਉਚੀਆਂ ਸਨ, ਪਰ ਜੇਲ੍ਹ-ਸਟਾਫ਼ ਨੇ ਉਂਧੀ ਪਾ ਛਡੀ ਸੀ। ਬਾਕੀ ਦੇ ਬੱਬਰ-ਕੈਦੀ ਜੈਕਾਰੇ ਛੱਡ ਕੇ ਆਪਣੇ ਸਾਥੀਆ ਦਾ ਉੱਤਰ ਦੇ ਰਹੇ ਸਨ। ਜੇਲ੍ਹ-ਵਿਚ ਇਕ ਕੁਹਰਾਮ ਮਚਿਆ ਹੋਇਆ ਸੀ।

ਆਖ਼ਰ ਛੇ ਬੱਬਰ ਫਾਂਸੀ ਤੇ ਤਖ਼ਤੇ ਪੁਰ ਖਲੋ ਗਏ, ਜਾਣੋ ਦੂਲੇ ਫ਼ੋਟੋ ਖਿਚਾਉਣ ਲਗੇ ਸਨ। ਜੱਥੇਦਾਰ ਨੇ ਫੇਰ ਇਥ ਦਿਲ-ਖਿਚਵੀਂ ਛੋਟੀ ਜਿਹੀ ਤਕਰੀਰ ਕੀਤੀ, ਜਿਸ ਨੂੰ ਸੁਣ ਕੇ ਜੇਲ੍ਹ-ਸੁਪ੍ਰੰਟੰਡੰਟ ਦੀਆਂ ਅੱਖੀਆ ਵਿਚੋਂ ਤ੍ਰਪ-ਤ੍ਰਪ ਨੀਰ ਵਗ ਤੁਰਿਆ। ਉਹ ਬੋਲ ਉਠਿਆ, "ਇਹੋ ਜਿਹੇ ਲਾਇਕ ਆਦਮੀ ਨੂੰ ਫਾਸੀ ਦੀ ਸਜ਼ਾ ਦੇ ਕੇ ਜੱਜ ਨੇ ਗ਼ਲਤੀ ਕੀਤੀ ਹੈ।" ਜੱਥੇਦਾਰ ਹੋਰੀਂ ਮੁਸਕਰਾਏ ਤੇ ਆਖਿਆ- "ਤੇਰੇ ਹੰਝੂ ਇਸ ਲਈ ਨਿਕਲੇ ਹਨ ਕਿ ਤੇਰੇ ਮਨ ਨੂੰ ਭੀ ਜਾਬਰ ਹਕੂਮਤ ਦੀ ਗੁਲਾਮੀ ਦਾ ਅਹਿਸਾਸ ਹੋਇਆ ਹੈ, ਸਾਨੂੰ ਲਾਲੀਆਂ ਇਸ ਲਈ ਚੜ੍ਹ ਰਹੀਆਂ ਹਨ ਕਿ ਸਾਡੇ ਮਨਾਂ ਵਿਚ ਸੁਵਤੰਤ੍ਰਤਾ ਦੀ ਭਾਵਨਾ ਦਾ ਦੀਪ ਲਟ ਲਟ ਜਗ ਰਿਹਾ ਹੈ।"



www.AKJ.Org

ਤਖ਼ਤੇ ਡਿੱਗ ਪਏ, ਛੇ ਸੂਰਬੀਰ ਹਵਾ ਵਿਚ ਲਟਕ ਰਹੇ ਸਨ।

ਵਾਰਸ ਲਾਸ਼ਾ ਲੈਣ ਵਾਸਤੇ ਪੁਜੇ ਹੋਏ ਸਨ। ਹਕੂਮਤ ਨੇ ਵਾਰਸਾ ਨੂੰ ਲਾਸ਼ਾ ਦੇਣ ਤੋਂ ਇਨਕਾਰ ਕਰ ਦਿੱਤਾ, ਪਰ ਜਨਤਾ ਦਾ ਇਕ ਬੇਪਨਾਹ ਹਜੂਮ ਜੇਲ੍ਹ ਦੇ ਬੂਹੇ ਸਾਹਮਣੇ ਧਰਨਾ ਮਾਰੀ ਖੜਾ ਸੀ। ਸਰਦੂਲ ਸਿੰਘ ਕਵੀਸ਼ਰ, ਸ: ਬਹਾਦਰ ਮਹਿਤਾਬ ਸਿੰਘ, ਸੁੰਦਰ ਸਿੰਘ ਭੌਰਾ ਤੇ ਹੋਰ ਦੇਸ਼-ਹਿਤੈਸ਼ੀਆਂ ਦਾ ਇਕ ਠਾਠਾ ਮਾਰਦਾ ਸਮੁੰਦਰ ਸ਼ਹੀਦਾਂ ਦੇ ਪਵਿੱਤਰ ਦਰਸ਼ਨਾ ਲਈ ਬੇਕਰਾਰ ਸੀ। ਇਹਨਾਂ ਦੇਸ਼-ਹਿਤੈਸ਼ੀਆ ਨੇ ਗਵਰਨਰ ਨੂੰ ਕਿਹਾ ਕਿ ਲਾਸ਼ਾਂ ਨਾ ਦਿੱਤੀਆ ਗਈਆ ਤਾਂ ਸਗੋਂ ਵਧੇਰੇ ਤੀਖਣ ਉਭਾਰ ਦਾ ਆਉਣਾ ਯਕੀਨੀ ਬਣ ਜਾਏਗਾ। ਗਵਰਨਰ ਪੁਰ ਪੰਜਾਬ ਦੇ ਇਹਨਾ ਪਤਵੰਤਿਆ ਦੀ ਨੇਕ ਸਲਾਹ ਦਾ ਅਸਰ ਹੋਇਆ, ਤਾਂ ਕਿਤੇ ਦੋ ਵਜੇ ਜਾ ਕੇ ਲਾਸ਼ਾ ਵਾਰਸਾ ਦੇ ਹਵਾਲੇ ਕੀਤੀਆਂ ਗਈਆਂ। ਉਦੋਂ ਤਕ ਜੇਲ੍ਹ ਦੇ ਸਭ ਕੈਦੀ ਆਪਣੀ ਆਪਣੀ ਥਾ ਬੰਦ ਰਖੇ ਗਏ।

ਜਨਤਾ ਦੇ ਸ਼ਹੀਦ, ਜਨਤਾ ਨੂੰ ਮਿਲਣ ਦੀ ਦੇਰ ਸੀ ਕਿ ਦੇਸ਼-ਭਗਤੀ ਦਾ ਗੁੱਝਾ ਜਜ਼ਬਾ ਅਮਲੀ ਰੂਪ ਵਿਚ ਸ਼ਹੀਦਾ ਦੇ ਬੇਜਾਨ ਜਿਸਮਾ ਉਦਾਲੇ ਭੰਬਟਾ ਵਾਗ ਜੁੜ ਗਿਆ। ਅੰਤਮ ਸੰਸਕਾਰ ਰਾਵੀ ਦੇ ਕੰਢੇ ਪੁਰ ਹੋਣਾ ਸੀ ਤੇ ਲਾਸ਼ਾ ਗੁਰਦੁਆਰਾ ਡੇਹਰਾ ਸਾਹਿਬ ਵਲ ਲਿਜਾਈਆ ਜਾਣੀਆ ਸਨ, ਇਸ ਲਈ ਇਉਂ ਕਹਿ ਲਓ ਕਿ ਸਾਰਾ ਲਾਹੌਰ ਸ਼ਹਿਰ ਆਪਣੇ ਮਹਿਬੂਬ ਸ਼ਹੀਦਾ ਦੇ ਪਿਆਰ ਵਿਚ ਖਿਚਿਆ ਹੋਇਆ, ਇਕ ਲੰਮੇ ਤੋਂ ਲੰਮੇ ਜਲੂਸ ਦੀ ਸ਼ਕਲ ਵਿਚ ਅਰਥੀਆ ਪਿਛੇ ਖਿਚਿਆ ਚਲਿਆ ਆਇਆ। ਉਪਰੋਂ ਸ਼ਹੀਦਾ ਪੁਰ ਫੁੱਲਾ ਦੀ ਵਰਖਾ ਹੋ ਰਹੀ ਸੀ। ਇਹ ਜਲੂਸ ਇਸ ਗੱਲ ਦਾ ਸਬੂਤ ਸੀ ਕਿ ਬੱਬਰ ਜਨਤਾ ਨੂੰ ਕਿੰਨੇ ਪਿਆਰੇ ਸਨ। ਇਸ ਜਲੂਸ ਵਿਚ ਖ਼ਾਮੋਸ਼ ਜਨਤਾ ਉਸ ਬੁਜ਼ਦਿਲ ਹਕੂਮਤ ਪੁਰ ਲੱਖ ਲੱਖ ਲਾਹਨਤ ਭੇਜ ਰਹੀ ਸੀ, ਜਿਸ ਨੇ ਇਨ੍ਹਾਂ ਸੂਰਬੀਰਾਂ ਨੂੰ ਫਾਸੀ ਦੇਣ ਦਾ ਫ਼ੈਸਲਾ ਕੀਤਾ ਸੀ।

ਆਖ਼ਰ ਇਹਨਾ ਮਰਜੀਵੜਿਆ ਦਾ ਡੇਹਰਾ ਸਾਹਿਬ ਦੇ ਪਿਛਲੇ ਪਾਸੇ ਰਾਵੀ ਦੇ ਕਿਨਾਰੇ ਸੰਸਕਾਰ ਕੀਤਾ ਗਿਆ। ਉਸ ਸਮੇਂ ਦੇ ਫੋਟੋ ਭੀ ਲਏ ਗਏ, ਜੋ ਰਸਾਲਾ ਫੁਲਵਾੜੀ ਵਿਚ ਛਪੇ।

---


## ਗੁਰੂ ਸਵਾਰੇ ਗੁਰਪੁਰਵਾਸੀ ਡਾਕਟਰ ਪ੍ਰੀਤਮ ਸਿੰਘ ਜੀ ਦੀ ਅਵਾਜ਼ ਵਿਚ ਗੁਰਬਾਣੀ ਕੀਰਤਨ ਦੀਆਂ ਕੈਸਟਾਂ ਦਾ ਭੰਡਾਰਾ

ਗੁਰੂ ਸਵਾਰੇ ਭਾਈ ਸਾਹਿਬ ਡਾਕਟਰ ਪ੍ਰੀਤਮ ਸਿੰਘ ਜੀ ਅਣਜਾਣ ਜਲੰਧਰ ਵਾਲੇ ਜਿਹੜੇ ਸਤਿਗੁਰੂ ਜੀ ਦੀ ਬਖਸ਼ਿਸ਼ ਦੁਆਰਾ ਥੋੜੇ ਸਮੇਂ ਵਿਚ ਹੀ ਆਤਮਿਕ ਬੁਲੰਦੀਆਂ ਤੇ ਪਹੁੰਚ ਕੇ ਗੁਰਬਾਣੀ ਕੀਰਤਨ ਦੁਆਰਾ ਸੰਗਤਾ ਨੂੰ ਨਿਹਾਲ ਕਰਦੇ ਰਹੇ ਅਤੇ ਆਖਰੀ ਸਮੇਂ ਤੱਕ ਸੰਗਤਾ ਵਿਚ ਗੁਰਬਾਣੀ ਕੀਰਤਨ ਦੀਆ ਗੂੰਜਾਰਾ ਪਾ ਗਏ। ਆਪ ਜੀ ਦੇ ਪ੍ਰੇਮੀ ਸੱਜਣਾ ਵੱਲੋਂ ਆਪ ਜੀ ਵੱਲੋਂ ਗਾਏ ਹੋਏ ਗੁਰਬਾਣੀ ਕੀਰਤਨ ਨੂੰ ਕੈਸਟਾ ਵਿਚ ਸੰਭਾਲ ਕੇ ਸੰਗਤਾ ਤੱਕ ਪਹੁੰਚਾਉਣ ਦਾ ਉਪਰਾਲਾ ਕੀਤਾ ਗਿਆ ਹੈ T-Series ਕੰਪਨੀ ਦੇ 10-10 ਕੈਸਟਾ ਦੇ ਤਿੰਨ ਸੈਟ ਤਿਆਰ ਹੋ ਚੁੱਕੇ ਹਨ ਜੋ ਸਿਰਫ਼ ਲਾਗਤ ਕੀਮਤ ਤੇ ਹੀ ਹੇਠ ਲਿਖੇ ਪਤੇ ਤੋਂ ਚਾਹਵਾਨ ਸੰਗਤਾਂ ਪ੍ਰਾਪਤ ਕਰ ਸਕਦੀਆ ਹਨ।

1. ਭਾਈ ਮਨਮੋਹਨ ਸਿੰਘ ਜੀ, ਜੁਝਾਰ ਬੁੰਗਾ, ਅਰਬਨ ਅਸਟੇਟ ਜਲੰਧਰ ਟੈਲੀਫੋਨ 461468
2. ਭਾਈ ਇਕਬਾਲ ਸਿੰਘ ਜੀ, ਭਗਤ ਸਿੰਘ ਚੌਂਕ ਜਲੰਧਰ ਟੈਲੀਫੋਨ 56856

*ਹੋਰ ਜ਼ਰੂਰੀ ਬੇਨਤੀ ਹੈ ਕਿ ਕਿਸੇ ਵੀ ਪ੍ਰੇਮੀ ਕੋਲ ਉਪਰੋਕਤ 30 ਕੈਸਟਾਂ ਤੋਂ ਇਲਾਵਾ ਭਾਈ ਪ੍ਰੀਤਮ ਸਿੰਘ ਜੀ ਦੀ ਕੋਈ ਹੋਰ ਰਿਕਾਡਿੰਗ ਹੋਵੇ ਤਾਂ ਉਹ ਕ੍ਰਿਪਾ ਕਰਕੇ ਉਪਰੋਕਤ ਪਤਿਆਂ ਤੇ ਦੱਸਣ ਦੀ ਕ੍ਰਿਪਾ ਕਰਨ ਤਾਂ ਕਿ ਉਸ ਰਿਕਾਰਡਿੰਗ ਨੂੰ ਅਗਲੇ ਸੈਟ ਵਿਚ ਸ਼ਾਮਿਲ ਕੀਤਾ ਜਾ ਸਕੇ।*





www.AKJ.Org

# ਧਰਮੀ ਪੁਰਸ਼ਾਂ ਦੇ ਲੱਛਣ

(ਗਿਆਨੀ ਊਧਮ ਸਿੰਘ ਜੀ)

ਇਹ ਧਰਤੀ ਧਰਮ ਦਾ ਅਸਥਾਨ ਮੰਨੀ ਗਈ ਹੈ, ਪਰ ਧਰਮ ਦੀ ਪਾਲਣਾ ਕੋਈ ਵਿਰਲਾ ਪੁਰਸ਼ ਹੀ ਕਰਦਾ ਹੈ।

ਧਰਮੀ ਮਨੁੱਖ ਉਹ ਹੈ, ਜੋ ਧਰਮ ਤੇ ਚੋਟ ਆਨ ਤੇ ਇਸ ਤਰ੍ਹਾਂ ਦੁਖੀ ਹੋਵੇ, ਜਿਵੇਂ ਪੁਤਰ ਦੇ ਜ਼ਖਮੀ ਹੋਣ ਤੇ ਪਿਤਾ।

ਪਰਮਾਤਮਾ ਪੁਰਸ਼ ਹਮੇਸ਼ਾਂ ਹਰ ਬੁਰਾਈ ਦੇ ਵਿਰੁੱਧ ਡੱਟ ਜਾਂਦਾ ਹੈ, ਤੇ ਝੂਠੀ ਦੁਨੀਆਂ ਦੀ ਪ੍ਰਵਾਹ ਨਹੀਂ ਕਰਦਾ।

ਜੀਵਨ ਵਾਲੇ ਧਰਮੀ ਪੁਰਸ਼ ਦੀ ਨਜ਼ਰ ਇਉਂ ਨਹੀਂ ਝੱਲੀ ਜਾਂਦੀ, ਜਿਵੇਂ ਸਾਫ਼ ਸ਼ੀਸ਼ੇ ਤੇ ਪਿਆਂ ਸੂਰਜ ਦਾ ਲਿਸ਼ਕਾਰਾ।

ਜਿਵੇਂ ਪੱਕੇ ਫਲ ਵਿੱਚ ਝੁਕਾ ਤੇ ਰਸੀਲਾਪਨ ਆ ਜਾਂਦਾ ਹੈ, ਇਵੇਂ ਕਮਾਈ ਵਾਲੇ ਬਜ਼ੁਰਗ ਵਿੱਚ ਨਿਮ੍ਰਤਾ ਤੇ ਮਿਠਤ।

ਧਰਮੀ ਪੁਰਸ਼ ਕੋਲ ਬੈਠਿਆਂ ਪਾਪ ਤੇ ਫੁਰਨੇ ਇਉਂ ਭਸਮ ਹੋ ਜਾਂਦੇ, ਹਨ ਜਿਵੇਂ ਅੱਗ ਦੇ ਨੇੜੇ ਬੈਠਿਆਂ ਠੰਡਕ।

ਦੈਵੀ ਗੁਣਾਂ ਵਾਲੇ ਪੁਰਸ਼ ਦੀ ਨੀਸ਼ਾਨੀ ਇਹ ਹੈ ਕਿ ਉਸ ਨੂੰ ਹਮੇਸ਼ਾਂ ਅੰਮ੍ਰਿਤ ਵੇਲੇ ਆਪਣੇ ਆਪ ਹੀ ਜਾਗ ਆ ਜਾਂਦੀ ਹੈ।

ਧਰਮੀ ਬੰਦੇ ਦਾ ਮਨ, ਪਾਪਾਂ ਦੀ ਆਂਧੀ ਵੇਲੇ ਇਉਂ ਅਡੋਲ ਰਹਿੰਦਾ ਹੈ, ਜਿਵੇਂ ਨ੍ਹੇਰੀ ਤੇ ਝੱਖੜ ਸਮੇਂ, ਸੁਮੇਰ ਪ੍ਰਬਤ।

ਧਰਮੀ ਪੁਰਸ਼, ਹਮੇਸ਼ਾਂ ਗਰੀਬਾਂ ਦੁਖੀਆਂ ਤੇ ਮਜਲੂਮਾਂ ਨਾਲ ਇਉਂ ਪਿਆਰ ਕਰਦਾ ਹੈ, ਜਿਵੇਂ ਬੱਚਿਆਂ ਨਾਲ ਪਿਤਾ।

ਧਰਮੀ ਪੁਰਸ਼, ਅੰਮ੍ਰਿਤ ਵੇਲੇ ਸਿਮਰਨ ਪਾਠ ਤੋਂ ਪਹਿਲਾਂ ਕਦੇ ਵੀ ਸੰਸਾਰਕ ਧੰਦਿਆਂ ਵਲ ਧਿਆਨ ਨਹੀਂ ਦੇਂਦੇ।

ਪਵਿਤ੍ਰ ਮਨ ਵਾਲੇ ਸਿੱਖ ਦੀ ਆਤਮਾ ਨੂੰ ਬਾਣੀ ਇਉਂ ਅਪਨੇ ਵਲ ਖਿਚਦੀ ਹੈ, ਜਿਵੇਂ ਚੁੰਭਕੀ ਲੋਹਿਆ ਸ੍ਵੱਛ ਲੋਹਿ ਨੂੰ।

ਜਿਵੇਂ ਹੰਸ ਦੁੱਧ ਅਤੇ ਪਾਣੀ ਨੂੰ ਨਿਖੇੜ ਕੇ ਰੱਖ ਦੇਂਦਾ ਹੈ, ਇਸੇ ਤਰ੍ਹਾਂ ਗੁਰੂ ਦਾ ਸਿਖ, ਗੁਰਮਤਿ ਅਤੇ ਮਨਮਤਿ ਨੂੰ।

ਹੰਸ ਬਗਲੇ ਨੂੰ ਹੰਸ ਨਹੀਂ ਬਨਾ ਸਕਦਾ, ਪਰ ਗੁਰ ਸਿੱਖ ਪਰਮ ਹੰਸ ਹੈ, ਜੋ ਬੇਮੁਖ ਨੂੰ ਵੀ ਸਿੱਖ ਬਣਾ ਦੇਂਦਾ ਹੈ।

ਧੰਨ ਹੈ ਉਹ ਮਹਾਂਪੁਰਸ਼ ਜਿਸ ਨੂੰ ਦੁਨਿਆਂਵੀ ਪ੍ਰਭਤਾ ਤੋਂ ਨਫ਼ਰਤ ਹੈ ਅਤੇ ਨਿੱਮ੍ਰਤਾ ਬੰਦਗੀ ਦੇ ਲਈ ਤੜਪ।

ਧਰਮੀ ਪੁਰਸ਼ ਦੇ ਮੁਖ ਗੁਣ ਸੱਤ ਹੋਂਦੇ ਹਨ, ਜੱਤ, ਸੱਤ, ਸੰਤੋਖ, ਹਲੇਮੀ, ਧੀਰਜ, ਮਿੱਠੇ ਬੋਲ, ਅਥਵਾ ਸਾਦਗੀ।

ਪਰਮਾਤਮਾ ਪੁਰਸ਼ ਹਮੇਸ਼ਾਂ ਤਿੰਨ ਗੱਲਾਂ ਤੋਂ ਪ੍ਰਹੇਜ ਕਰਦਾ ਹੈ, ਦੁਨਿਆਵੀ ਪਕੜ, ਵੈਰ ਵਿਰੋਧ, ਤੇ ਲੋਭ ਲਾਲਚ।

ਜਿਵੇਂ ਸੁੱਚੇ ਹੀਰੇ ਦੀ ਨਿਸ਼ਾਨੀ ਚਮਕ ਤੇ ਦਮਕ ਹਨ, ਇਵੇਂ ਧਰਮੀ ਪੁਰਖ ਦੀ ਨੀਸ਼ਾਨੀ, ਸੋਝੀ ਤੇ ਆਤਮਕ ਬਲ।



www.AKJ.Org

ਜੇਹੜਾ ਗੁਰਸਿੱਖ ਬਾਣੀ ਅਤੇ ਬਾਣੇ ਦੀ ਲਾਜ ਨੂੰ ਪਾਲਦਾ ਹੈ, ਉਸ ਦੀ ਲਾਜ ਹਮੇਸ਼ਾਂ ਗੁਰੂ ਮਹਾਰਾਜ ਪਾਲਦੇ ਹਨ।

ਜਿਵੇਂ ਹੀਰੇ ਦੇ ਸਾਹਮਣੇ ਬਲੌਰ ਦੀ ਚਮਕ ਫਿੱਕੀ ਪੈ ਜਾਂਦੀ ਹੈ, ਇਸੇ ਤਰ੍ਹਾਂ ਗੁਰਮੁਖ ਦੇ ਸਾਹਮਣੇ ਮਨਮੁਖ ਦੀ।

ਧਰਮੀ ਪੁਰਸ਼ ਦਾ ਉਪਦੇਸ਼ ਮਨ ਵਿੱਚ ਇਸ ਤਰ੍ਹਾਂ ਗਿਆਨ ਦਾ ਪ੍ਰਕਾਸ਼ ਕਰ ਦੇਂਦਾ ਹੈ, ਜਿਵੇਂ ਅੰਧੇਰੇ ਵਿੱਚ ਦੀਵਾ।

ਉੱਤਮ ਅਤੇ ਨੇਕ ਪੁਰਸ਼ ਉਹ ਹੈ, ਜੇਹੜਾ ਅਪਨੇ ਦਸ ਕੰਮ ਵਿਗਾੜ ਕੇ ਵੀ ਦੂਜੇ ਦੇ ਕੰਮ ਨੂੰ ਸਵਾਰ ਦੇਂਦਾ ਹੈ।

ਉਸ ਗੁਰਸਿੱਖ ਦੀ ਆਤਮਾ ਪਵਿੱਤ੍ਰ ਹੁੰਦੀ ਹੈ, ਜਿਸ ਨੂੰ ਰੱਬ ਦੀ ਯਾਦ ਤੋਂ ਬਿਨਾ ਕਦੇ ਵੀ ਕੋਈ ਹੋਰ ਸੁਪਨਾ ਨਾ ਆਵੇ ।

ਦੁਨੀਆਂ ਵਿੱਚ ਜੋ ਪੁਰਣ ਅਪਨਾ ਜੀਵਨ ਧਰਮ ਵਿੱਚ ਪ੍ਰਪੱਕ ਰਹਿ ਕੇ ਗੁਜ਼ਾਰ ਲਵੇ, ਓਹੀ ਜੀਵਨ ਮੁਕਤ ਹੈ।

ਮਹਾਨ ਪੁਰਖ਼ ਉਹ ਹੈ ਜਿਸ ਦੀ ਵਾਸ਼ਨਾ ਮਿਟ ਗਈ, ਜ਼ਬਾਨ ਦਾ ਫਿੱਕਾਪਨ ਮੁਕ ਗਿਆ, ਤੇ ਦ੍ਵੈਸ਼ ਖਤਮ ਹੋ ਗਈ।

ਜਿਵੇਂ ਕਿਸੇ ਫਕੀਰ ਨੂੰ ਗਲੀ ਦੇ ਵਿਚੋਂ ਲੰਘਦਿਆ ਕੁੱਤੇ ਪੈ ਜਾਂਦੇ ਹਨ, ਇਵੇਂ ਧਰਮੀ ਪੁਰਸ਼ ਦੇ ਪਿਛੇ ਨਿੰਦਕ ਲੋਕ।

ਜੋ ਪੁਰਸ਼ ਕਿਸੇ ਭੁੱਲੇ ਰਾਹੀ ਨੂੰ ਰਸਤੇ ਪਾਵੇ, ਉਸ ਦਾ ਪ੍ਰਲੋਕ ਦੇ ਬਿਖੜੇ ਰਾਹ ਵਿੱਚ ਵਾਹਿਗੁਰੂ ਸਹਾਈ ਹੁੰਦਾ ਹੈ।

ਧਰਮੀ ਅਤੇ ਧੀਰਜਵਾਨ ਪੁਰਸ਼ ਉਹ ਹੈ ਜੋ ਅਪਨੀ ਨਿੰਦਾ ਤੇ ਝੂਠੀ ਚਰਚਾ ਸੁਣਦਾ ਰਹੇ, ਪਰ ਕਦੇ ਨਾ ਡੋਲੇ।

ਧਰਮਾਤਮਾ ਤੇ ਨੇਕ ਪੁਰਸ਼, ਨਿੰਦਕਾਂ ਵਿਰੋਧੀਆਂ ਦੀ ਇਉਂ ਪ੍ਰਵਾਹ ਨਹੀਂ ਕਰਦਾ ਜਿਵੇਂ ਹਾਥੀ ਗਲੀ ਦੇ ਕੁੱਤਿਆਂ ਦੀ।

ਗੁਰਸਿੱਖ ਦੀਆਂ ਪੰਜ ਨਿਸ਼ਾਨੀਆਂ ਹਨ ਸਿੱਖੀ ਸਰੂਪ, ਸਿੱਖੀ ਬਾਣਾ, ਸਿੱਖੀ ਰਹਿਤ, ਸਿੱਖੀ ਨੇਮ, ਤੇ ਸਿੱਖੀ ਵੀਚਾਰਧਾਰਾ।

ਨਾਮ ਜਪਨਾ, ਧਰਮ ਦੀ ਕਿਰਤ ਕਰਨੀ ਤੇ ਵੰਡਕੇ ਛੱਕਣਾ, ਧਰਮੀ ਪੁਰਖ ਦੇ ਮੁੱਢਲੇ ਤੇ ਪ੍ਰਮੁੱਖ ਗੁਣ ਹਨ।

ਧਰਮਾਤਮਾ ਸੱਤ ਪੁਰਖ ਹਮੇਸ਼ਾਂ ਪ੍ਰਮਾਤਮਾ ਤੋਂ, ਗੁਰੂ ਤੋਂ, ਅਤੇ ਪਾਪ ਕਰਮਾਂ ਤੋਂ ਡਰਦਾ ਹੈ, ਹੋਰ ਕਿਸੇ ਤੋਂ ਨਹੀਂ।

ਕਿਸੇ ਨਾਲ ਕੀਤੀ ਨੇਕੀ ਤੇ ਅਪਨੇ ਨਾਲ ਹੋਈ ਵਧੀਕੀ ਨੂੰ ਵਿਸਾਰ ਦੇਣਾ, ਕਿਸੇ ਵਿਰਲੇ ਸੱਤਪੁਰਖ ਦਾ ਹੀ ਕੰਮ ਹੈ।

ਜੋ ਪੁਰਸ਼ ਸਦਾ ਸੱਚ ਬੋਲੇ, ਮਿੱਠਾ ਬੋਲੇ ਅਤੇ ਥੋੜਾ ਬੋਲੇ, ਉਸਦੇ ਕਹੇ ਹੋਇ ਬਚਨ ਹਮੇਸ਼ਾਂ ਸੱਤ ਹੋ ਜਾਂਦੇ ਹਨ।

ਕਿਸੇ ਮਨੁੱਖ ਦੇ ਚੰਗਾ ਜਾਂ ਮੰਦਾ ਹੋਣ ਦੀ ਪਰਖ ਇਹ ਨਹੀਂ ਹੈ, ਕਿ ਲੋਕ ਉਸ ਦੀ ਉਸਤਤ ਕਰਦੇ ਹਨ ਜਾਂ ਨਿੰਦਾ।

ਸੰਸਾਰੀ ਲੋਕ ਕਈ ਵੇਰ ਧਰਮਾਤਮਾ ਪੁਰਖ ਦੀ ਨਿੰਦਾ ਕਰਦੇ ਹਨ ਤੇ ਮਾਇਆਧਾਰੀ ਕੁਕਰਮੀ ਦੀ ਉਸਤਤ।

ਨੇਕ ਪੁਰਸ਼ ਦੀ ਪਿੱਠ ਤੇ ਹਮੇਸ਼ਾਂ ਪ੍ਰਮਾਤਮਾ ਦਾ ਹੱਥ ਹੋਂਦਾ ਹੈ, ਲੋਕ ਉਸ ਨੂੰ ਭਾਵੇਂ ਭਲਾ ਕਹਿਣ ਜਾਂ ਨਿੰਦਾ ਕਰਨ।



www.AKJ.Org

ਜਿਵੇਂ ਚੰਨ ਵਲ ਮੁੜ ਕੇ ਥੁੱਕਿਆ ਅਪਨੇ ਤੇ ਹੀ ਪੈਂਦਾ ਹੈ, ਇਵੇਂ ਭਲੇ ਬੰਦੇ ਤੇ ਸੁੱਟਿਆ ਚਿੱਕੜ ਮੁੜ ਅਪਨੇ ਉੱਤੇ।

ਜਿਵੇਂ ਵਾੜ ਵਾਲੇ ਖੇਤ ਵਿੱਚ ਪਸ਼ੂ ਮੂੰਹ ਨਹੀਂ ਮਾਰ ਸਕਦੇ, ਇਵੇਂ ਰਹਿਤ ਵਾਨ ਗੁਰ ਸਿੱਖ ਦੇ ਅੰਦਰ ਪੰਚ ਦੂਤ।

ਜਿਵੇਂ ਬੱਕਰੀ ਕਦੇ ਵੀ ਮਿੱਟੀ ਨਾਲ ਪੂਰੇ ਹੋਏ ਖੂਹ ਤੇ ਨਹੀ ਬੈਠਦੀ, ਇਸੇ ਤਰ੍ਹਾਂ ਗੁਰ ਸਿੱਖ ਪਾਪ ਵਾਲੀ ਥਾਂ ਦੇ ਉਤੇ।

ਅਪਰਾਧੀ ਬੰਦਾ ਕਿਸੇ ਨੂੰ ਦੁੱਖ ਦੇਣ ਤੋਂ ਨਹੀਂ ਟਲਦਾ ਅਤੇ ਧਰਮਾਤਮਾ ਪੁਰਸ਼ ਨੇਕੀ ਅਥਵਾ ਪਰ ਉਪਕਾਰ ਤੋਂ।

ਜਿਹੜਾ ਸਤ ਪੁਰਖ ਰੱਬ ਦੇ ਦਰਸ਼ਨਾ ਲਈ ਤਰਸੇ, ਦੁਨੀਆਂ ਹਮੇਸ਼ਾਂ ਉਸ ਦੇ ਦਰਸ਼ਨਾ ਲਈ ਤਰਸਦੀ ਹੈ।

ਸਾਰੀ ਦੁਨੀਆਂ ਦੀ ਦੁਸ਼ਮਣੀ ਵੀ ਉਸ ਬੰਦੇ ਦਾ ਕੁਝ ਨਹੀਂ ਬਿਗਾੜ ਸਕਦੀ, ਜਿਸ ਦੇ ਸਿਰ ਤੇ ਵਾਹਿਗੁਰੂ ਦਾ ਹੱਥ ਹੈ।

ਸੱਚੇ ਸੁੱਚੇ ਧਰਮਾਤਮਾ ਵਿਯਕਤੀ ਦਾ ਪਿਆਰ ਸਰਬ ਜੀਆਂ ਨਾਲ ਹੋਂਦਾ ਹੈ, ਅਤੇ ਵੈਰ ਕੇਵਲ ਬੁਰਿਆਈ ਨਾਲ।

ਧਰਮੀ ਪੁਰਸ਼ ਨੂੰ ਰਾਈ ਭਰ ਭੁੱਲ ਦੀ ਤੁਰੰਤ ਸਜ਼ਾ ਮਿਲ ਜਾਂਦੀ ਹੈ, ਪਰ ਪਾਪੀ ਦਾ ਬੇੜਾ ਤਾ ਭਰਕੇ ਹੀ ਡੁਬਦਾ ਹੈ।

ਸਤੋ ਗੁਣੀ ਸ਼ਾਂਤ ਆਤਮਾ ਸਤ ਪੁਰਖ ਦੀ ਨਿਸ਼ਾਨੀ ਇਹ ਹੈ ਕਿ ਉਸ ਨੂੰ ਗੰਦੇ ਜਾਂ ਡਰਾਉਣੇ ਸੁਪਨੇ ਨਹੀਂ ਆਉਂਦੇ।

ਜਿਸ ਮਨੁੱਖ ਨੂੰ ਭਗਤੀ ਤੇ ਸਤ ਸੰਗ ਦੇ ਸੁਪਨੇ ਆਣ ਉਸ ਦਾ ਪ੍ਰਲੋਕ ਵਿੱਚ ਧਰਮੀ ਰੂਹਾਂ ਵਿੱਚ ਵਾਸਾ ਹੋਂਦਾ ਹੈ।

ਧਰਮੀ ਪੁਰਸ਼ ਦੇ ਅੰਦਰ ਅਜਿਹਾ ਚਾਨਣ ਹੁੰਦਾ ਹੈ ਕਿ ਹਰ ਕੰਮ ਦਾ ਨਤੀਜਾ ਉਸ ਨੂੰ ਪਹਿਲੇ ਹੀ ਦਿਸ ਪੈਂਦਾ ਹੈ।

ਈਸ਼ਵਰ ਦੀ ਪ੍ਰਾਪਤੀ ਦਾ ਇਲਮ ਸੀਨਾ ਹੈ, ਸਫੀਨਾ ਨਹੀਂ, ਜੋ ਸੀਨੇ ਦਾ ਇਲਮ ਪੜ੍ਹੇ, ਉਹੀ ਪੂਰਨ ਬ੍ਰਹਮ ਗਿਆਨੀ ਹੈ।

ਜੋ ਵਿਯਕਤੀ ਪੱਥਰ ਮਾਰਨ ਅਤੇ ਮਲ੍ਹਮ ਲਾਣ ਵਾਲੇ ਨੂੰ ਇੱਕ ਰੂਪ ਜਾਣੇ, ਉਹੀ ਪਾਰਬ੍ਰਹਮ ਪ੍ਰਭੂ ਦਾ ਰੂਪ ਹੈ।

ਸਭ ਤੋਂ ਵਡਾ ਧਰਮੀ ਅਤੇ ਵਿਦਿਆ ਵਾਨ ਉਹ ਪੁਰਸ਼ ਹੈ, ਜਿਸ ਨੂੰ ਇਹ ਸਮਝ ਆ ਗਈ ਹੈ ਕਿ ਮੈਂ ਕੁਝ ਵੀ ਨਹੀਂ।

ਨੇਕ ਪੁਰਸ਼ ਦੋ ਗੱਲਾਂ ਕਦੇ ਨਹੀਂ ਭੁੱਲਦਾ, ਨੇਕੀ ਤੇ ਉਪਕਾਰ, ਤੇ ਦੋ ਭੁੱਲ ਜਾਂਦਾ ਹੈ ਅਪਨੀ ਨੇਕੀ ਤੇ ਦੂਜੇ ਦੀ ਬਦੀ।

ਜਿਵੇਂ ਕਾਨੂੰਨ ਦਾ ਪਾਬੰਦ ਮਨੁੱਖ ਜੇਹਲ ਤੋਂ ਬਚਿਆ ਰਹਿੰਦਾ ਹੈ, ਇਵੇਂ ਹੀ ਗੁਰੂ ਦੇ ਹੁਕਮ ਦਾ ਪਾਬੰਦ ਨਰਕ ਤੋਂ।

ਮਨੁੱਖ ਲਈ ਤਲਵਾਰ ਦੀ ਧਾਰ ਉਤੇ ਤੁਰਨਾ ਤਾਂ ਅਸਾਨ ਹੈ, ਪਰ ਸਿੱਖੀ ਮਾਰਗ ਤੇ ਤੁਰਨਾ ਅਤਿਅੰਤ ਕਠਨ।

ਇੱਕ ਪੇਸ਼ੇ ਵਾਲਾ ਉਸੇ ਪੇਸ਼ੇ ਵਾਲੇ ਨਾਲ ਪਿਆਰ ਕਰੇ, ਇਹ ਗੁਣ ਨਾਮ ਰਸੀਏ ਗੁਰ ਸਿੱਖਾਂ ਵਿੱਚ ਹੀ ਮਿਲਦੇ ਹਨ।

ਜੋ ਮਨੁੱਖ ਸਿਦਕਵਾਨ ਹੋਵੇ ਉਸਦੇ ਵਲ ਗੁਰੂ ਦਾ ਮੁੱਖ ਹੋਂਦਾ ਹੈ ਅਤੇ ਜੋ ਸਿਦਕ ਹੀਨ ਉਸ ਵਲ ਪਿੱਠ।

ਵਡੇ ਪਨ ਦੀ ਨਿਸ਼ਾਨੀ ਸ਼ੁਭ ਗੁਣ ਹੋਂਦੇ ਹਨ, ਇਲਮ ਨਹੀਂ, ਤੇ ਨੇਕ ਜੀਵਨ ਦੀ ਨੀਸ਼ਾਨੀ ਕਰਣੀ ਹੈ, ਕਥਨੀ ਨਹੀਂ।



www.AKJ.Org

ਭਲਾ ਪੁਰਸ਼ ਬੁਰੇ ਨਾਲ ਬੁਰਿਆਈ ਨਹੀਂ ਕਰਦਾ, ਜਿਵੇਂ ਕੁੱਤਾ ਮਨੁੱਖ ਨੂੰ ਕੱਟਦਾ ਹੈ ਪਰ ਮਨੁੱਖ ਕੁੱਤੇ ਨੂੰ ਨਹੀਂ।

ਜਿਵੇਂ ਚੰਦਨ ਦੇ ਬੂਟੇ ਦਾ ਅਸਰ ਬਾਂਸ ਉਤੇ ਨਹੀਂ ਹੋਂਦਾ, ਇਸੇ ਤਰ੍ਹਾਂ ਭਲੇ ਪੁਰਸ਼ ਦਾ ਕਿਸੇ ਨਾਸਤਕ ਮਨੁੱਖ ਤੇ।

ਜੋ ਮਨੁੱਖ ਸੰਸਾਰਕ ਸੁੱਖਾਂ ਵਿੱਚ ਖਚਿਤ ਨਾ ਹੋਵੇ ਅਤੇ ਨਿਰਲੇਪ ਰਹੇ ਉਹ ਅਸਾਨੀ ਨਾਲ ਸੁਾਸ ਤਿਆਗਦਾ ਹੈ।

ਉੱਚਾ ਅਤੇ ਮਹਾਂ ਪੁਰਖ ਉਹ ਹੈ ਜੋ ਦੂਜੇ ਨੂੰ ਸੁਖੀ ਦੇਖ ਕੇ ਖੁਸ਼ ਹੋਵੇ ਅਤੇ ਨੀਵਾਂ ਉਹ ਜੋ ਦੂਜੇ ਨੂੰ ਦੁਖੀ ਵੇਖ ਕੇ।

ਧਰਮੀ ਮਨੁੱਖ ਨੂੰ ਤਿੰਨਾਂ ਗੱਲਾਂ ਤੋ ਨਹੀਂ ਘਬਰਾਨਾ ਚਾਹੀਦਾ, ਨਿੰਦਾ, ਝੂਠੀ ਚਰਚਾ ਅਤੇ ਸਚਾਈ ਦੇ ਬਦਲੇ ਵਿਰੋਧ।

ਉਹੀ ਗੁਰ ਸਿੱਖ ਸੱਚ ਦਾ ਹੋਕਾ ਦੇਣਾ ਜਾਰੀ ਰਖ ਸੱਕਦਾ ਹੈ, ਜੋ ਕਿਸੇ ਦੀ ਅਪਮਾਨ ਵਾਲੀ ਹਰਕਤ ਤੇ ਸ਼ਾਂਤ ਰਹੇ।

ਧਰਮੀ ਵਿਉਪਾਰੀ ਉਹ ਹੈ ਜੋ ਪੈਸਿਆਂ ਦੇ ਲੇਖੇ ਵਾਂਗ ਦਿਨ ਭਰ ਦੇ ਕੀਤੇ ਚੰਗੇ ਮੰਦੇ ਕੰਮਾਂ ਦਾ ਵੀ ਲੇਖਾ ਜੋਖਾ ਰੱਖੇ।

ਭੇਖੀ ਅਤੇ ਚਤ੍ਰ ਵਿਦਿਆ ਵਾਨ ਨਾਲੋਂ ਉੱਚੇ ਸੁੱਚੇ ਜੀਵਨ ਵਾਲਾ ਕਿਰਤੀ ਅਨਪੜ੍ਹ ਮਨੁੱਖ, ਲੱਖ ਦਰਜੇ ਚੰਗਾ ਹੈ।

ਗਰੀਬੀ ਉਹ ਨਹੀਂ ਜਿਸ ਦਾ ਦ੍ਰਿਸ਼ ਅੱਖਾਂ ਦੀ ਪਰਖ ਦੇ ਅਧੀਨ ਹੈ, ਸੱਚੀ ਗਰੀਬੀ ਉਹ ਹੈ ਜਿਸ ਦਾ ਹਿਰਦੇ ਵਿਚ ਵਾਸਾ ਹੈ।

ਉਸ ਮਨੁੱਖ ਤੇ ਸਦਾ ਰੱਬੰ ਦੀ ਰਹਿਮਤ ਬਰਸਦੀ ਹੈ, ਜਿਸ ਦੀ ਅਵੱਸਥਾ ਗਰੀਬੀ ਅਮੀਰੀ ਸਮੇਂ ਇਕ ਸਾਰ ਰਹੇ।

ਵੱਡਾ ਮਨੁੱਖ ਉਹ ਹੈ ਜੇਹੜਾ ਅਪਨੇ ਆਪ ਨੂੰ ਛੋਟਾ ਸਮਝੇ ਅਤੇ ਛੋਟਾ ਉਹ ਹੈ ਜੋ ਵਡਾ ਬਨਣ ਦੀ ਇੱਛਾ ਰੱਖੇ।

ਦੌਲਤ ਤਾਂ ਹਰ ਕੋਈ ਜੋੜਦਾ ਹੈ, ਪਰ ਵਿਰਲਾ ਪੁਰਸ਼ ਹੈ ਜੋ ਚੰਗੇ ਗੁਣਾਂ ਨੂੰ ਜੋੜੇ ਅਤੇ ਉਨ੍ਹਾਂ ਨੂੰ ਸੰਭਾਲ ਕੇ ਰੱਖੇ।

ਜੋ ਅਪਨੇ ਪਰਾਇ ਹਰ ਕਿਸੇ ਦਾ ਪੜਦਾ ਕੱਜ ਕੇ ਰਾਜ਼ੀ ਹੋਂਦਾ ਹੈ, ਉਸ ਦੇ ਪੜਦੇ ਹਮੇਸ਼ਾ ਪਰਮਾਤਮਾ ਕੱਜਦਾ ਹੈ।

ਜਿਸ ਸਿੱਖ ਕੋਲ ਸਿੱਖੀ ਜੀਵਨ ਅਤੇ ਧਰਮ ਦੀ ਪ੍ਰਪੱਕਤਾ ਨਹੀਂ ਹੈ, ਉਹ ਲੱਖਪਤੀ ਹੋਂਦਾ ਹੋਇਆ ਵੀ ਕੰਗਾਲ ਹੈ।

ਜਿਵੇਂ ਪੱਕੇ ਬਦਾਮ ਦੀ ਗਿਰੀ ਛਿਲਕੇ ਨੂੰ ਤਿਆਗ ਦੇਂਦੀ ਹੈ, ਇਸੇ ਤਰ੍ਹਾਂ ਕਮਾਈ ਵਾਲਾ ਇਨਸਾਨ ਪ੍ਰਵਾਰ ਦੇ ਮੋਹ ਨੂੰ।

ਧਰਮੀ ਗੁਰ ਸਿੱਖ ਦੁਨੀਆਂ ਵਿੱਚ ਇਉਂ ਨਿਰਲੇਪ ਹੋਕੇ ਰਹਿੰਦਾ ਹੈ, ਜਿਵੇਂ ਜੇਹਲ ਵਿੱਚ ਜੇਹਲ ਦਾ ਕਰਮਚਾਰੀ।

ਜਿਵੇਂ ਆਂਧੀ ਅਤੇ ਝੱਖੜ ਪੰਰਬਤਾਂ ਨੂੰ ਨਹੀਂ ਡੁਲਾ ਸਕਦੇ, ਇਸੇ ਤਰ੍ਹਾਂ ਧੰਨ ਤੇ ਵਿਸ਼ੇਵਿਕਾਰ ਧਰਮੀ ਗੁਰ ਸਿੱਖਾਂ ਨੂੰ।

ਉਨ੍ਹਾਂ ਨੇਤ੍ਰਾਂ ਦੇ ਅੰਦਰ ਰੱਬੀ ਝਲਕ ਹੋਂਦੀ ਹੈ, ਜਿਨ੍ਹਾਂ ਵਿੱਚ ਕਦੇ ਖੋਟੀ ਅਤੇ ਦ੍ਵੈਸ਼ ਦ੍ਰਿਸ਼ਟੀ ਨੇ ਪ੍ਰਵੇਸ਼ ਨ ਕੀਤਾ ਹੋਵੇ।

ਜਿਵੇਂ ਸ਼ੇਰ ਕਿਸੇ ਹੋਰ ਤੇ ਕੀਤੇ ਸ਼ਿਕਾਰ ਤੇ ਤਾਕ ਨਹੀਂ ਰੱਖਦਾ, ਇਸੇ ਤਰ੍ਹਾਂ ਗੁਰੂ ਕਾ ਸਿੱਖ ਕਿਸੇ ਦੂਜੇ ਦੀ ਕਮਾਈ ਤੇ।



www.AKJ.Org

ਬ੍ਰਹਮ ਗਿਆਨੀ ਮਹਾਂ ਪੁਰਖ ਉਹ ਹੈ ਜੋ ਉੱਚੀ ਤੋਂ ਉੱਚੀ ਅਵੱਸਥਾ ਉਤੇ ਪੁਜ ਕੇ ਵੀ ਨਿਮਰਤਾ ਦਾ ਤਿਆਗ ਨਾ ਕਰੇ।

ਜਿਵੇਂ ਖੁਸ਼ਬੋ ਚੰਦਨ ਵਿਚ ਹੈ, ਸਿੰਮਲ ਵਿਚ ਨਹੀਂ, ਇਵੇਂ ਜੀਵਨ ਦੀ ਮੈਹਕ ਨਿਮਰਤਾ ਵਿੱਚ ਹੈ, ਹੰਕਾਰ ਵਿੱਚ ਨਹੀਂ।

ਜਿਵੇਂ ਨਿਰਮਲ ਪਾਣੀ ਦੇ ਵਿੱਚ ਅਪਨਾ ਚੇਹਰਾ ਦਿੱਸ ਪੈਂਦਾ ਹੈ, ਇਸੇ ਤਰ੍ਹਾਂ ਪਵਿਤ੍ਰ ਆਤਮਾ ਵਿੱਚ ਪ੍ਰਭੂ ਦਾ ਪ੍ਰਕਾਸ਼।

ਕਿਸੇ ਕਰਣੀ ਵਾਲੇ ਪੁਰਸ਼ ਦੀ ਸੋਭਤ ਕੀਤਿਆਂ ਮਨ ਹਲਕਾ ਫੁਲਕਾ ਰੱਬੀ ਸਰੂਰ ਨਾਲ ਭਰਪੂਰ ਹੋ ਜਾਂਦਾ ਹੈ।

ਸੱਚ ਤੇ ਧਰਮ ਦਾ ਪੱਕਾ ਧਾਰਨੀ ਉਹੀ ਮਨੁੱਖ ਹੈ ਜੋ ਸਾਰੀ ਦੁਨੀਆਂ ਦੀ ਦੌਲਤ ਲੈ ਕੇ ਵੀ ਇਨ੍ਹਾਂ ਦਾ ਤਿਆਗ ਨਾ ਕਰੇ।

ਜਿਵੇਂ ਬਾਂਸ ਦੀ ਅੰਦੋਣਾ ਅੱਗ ਤੋਂ ਨਾਲ ਦਾ ਬੂਟਾ ਬੇਖ਼ਬਰ ਹੋਂਦਾ ਹੈ, ਇਵੇਂ ਈਰਖਾਲੂ ਮਨੁੱਖ ਤੋਂ ਨਿਰਵੈਰ ਪੁਰਸ਼।

ਧਰਮ ਦਾ ਪੁਜਾਰੀ ਧਰਮਾਤਮਾ ਪੁਰਸ਼ ਕਦੇ ਧਰਮ ਜਾਂ ਧਰਮ ਅਸਥਾਨ ਦੀ ਆੜ ਵਿੱਚ ਠੱਗੀ ਨਹੀਂ ਕਰਦਾ।

ਕਿਸੇ ਨਾਲ ਕੀਤੀ ਨੇਕੀ ਅਤੇ ਅਪਨੇ ਨਾਲ ਹੋਈ ਬਦੀ ਨੂੰ ਵਿਸਾਰ ਦੇਣਾ, ਕਿਸੇ ਵਿਰਲੇ ਮਹਾ ਪੁਰਸ਼ ਦਾ ਹੀ ਕੰਮ ਹੈ।

ਉਨ੍ਹਾਂ ਸੱਤ ਪੁਰਸ਼ਾ ਦੀ ਗਿਣਤੀ ਘਟ ਗਈ ਹੈ, ਜੋ ਦੂਜਿਆਂ ਦੇ ਦੁੱਖਾਂ ਤੋਂ ਅਪਨੇ ਸੁੱਖ ਕੁਰਬਾਨ ਕਰਕੇ ਖ਼ੁਸ਼ ਹੋਣ।

ਉਸ ਮਹਾਂ ਪੁਰਖ ਦੇ ਚੇਹਰੇ ਦਾ ਜਲਾਲ ਕਾਇਮ ਰਹਿੰਦਾ ਹੈ, ਜੋ ਇੰਦ੍ਰਿਆਂ ਨੂੰ ਕਾਬੂ ਰੱਖੇ ਅਤੇ ਨਾਮ ਜਪਦਾ ਰਹੇ।

---

(ਪੰਨਾ ੩੭ ਦਾ ਬਾਕੀ ...)

ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ॥
ਜਨਮ ਜਨਮ ਕੇ ਕਿਲਬਿਖ ਦੂਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ॥

(॥੧॥੪॥੧ ਜੈਤਸਰੀ ਮ: ੪, ਪੰਨਾ ੬੯੬)

ਇਹ ਪਰਤੱਖ ਹਡ-ਬੀਤਿਆ ਚਮਤਕਾਰਾ ਹੈ ਕਿ ਅੰਮ੍ਰਿਤ ਛਕਣ ਸਮੇਂ ਜਿਨ੍ਹਾਂ ਜਿਨ੍ਹਾਂ ਗੁਰ-ਦੀਖਿਆ ਅਧਿਕਾਰੀ ਜਨਾਂ ਦੇ ਮਸਤਕਾਂ ਤੋਂ ਗੁਰ-ਦੀਖਿਆ ਦੇਣ ਸਮੇਂ ਅੰਮ੍ਰਿਤ ਸੰਚਾਰੇ ਛੱਟੇ ਸਿੰਚਣ ਸਮੇਂ ਗੁਰੂ ਸਰੂਪ ਪੰਜਾਂ ਪਿਆਰਿਆਂ ਦੇ ਕਰ-ਕਮਲ ਸਪਰਸ਼ਤ ਹੁੰਦੇ ਹਨ, ਤਿਨ੍ਹਾਂ ਦੇ ਨਾਮ-ਅਭਿਆਸ ਤੋਰੇ ਤੁਰਤੋ-ਫੁਰਦੀ ਹੀ ਤੁਰ ਪੈਂਦੇ ਹਨਾਂ ਓਹਨਾਂ ਦੇ ਤੋੜ ਹਿਰਦੇ ਦੀਆ ਡੂੰਘਾਈਆਂ ਅੰਦਰਿ ਗੁਰਮੰਤ੍ਰ ਗੁਰਮਤਿ ਨਾਮ ਇਕ ਜੋਤਿ-ਬਿਜਲਾਣੀ ਕਲਾ ਦੁਆਰਾ ਜਾਇ ਧਸਦਾ ਰਸਦਾ ਅਤੇ ਜੋਤਿ ਵਿਗੱਸਦਾ ਹੈ। ਤਿਨ੍ਹਾਂ ਅਭਿਆਸੀ ਜਨਾ ਦਾ ਜੀਵਨ ਹੀ ਨਵਜਨਮਾ ਅੰਮ੍ਰਿਤਾ-ਜੀਵਨ ਹੋ ਜਾਂਦਾ ਹੈ। ਤਿਨ੍ਹਾ ਦੇ ਜਨਮਾਂ ਜਨਮਾ ਦੇ ਕਮਾਤੇ ਬਿਕਟ ਪਾਪ ਦੋਖ ਰੋਗ ਕਿਲਵਿਖ ਸਭੇ ਇਕ ਖਿਨ ਵਿਚ ਲਹਿ ਜਾਂਦੇ ਹਨ, ਉਤਰ ਜਾਂਦੇ ਹਨ। ਤਿਨ੍ਹਾਂ ਦੇ ਪਾਪ ਕਰਮਾਂ ਤੋਂ ਉਪੰਨੇ ਅਗੇ ਨੂੰ ਭੁਗਤਣ ਵਾਲੇ ਕਰਮ ਅੰਕੂਰੀ ਕਰਜ਼ੇ ਭੀ ਸਾਰੇ ਉਤਰ ਜਾਂਦੇ ਹਨ। ਤਿਨ੍ਹਾ ਦੇ ਪੂਰਬਲੇ ਕਰਮਾਂ ਦਾ ਕੋਈ ਕਰਜ਼ਾ ਬਾਕੀ ਨਹੀਂ ਰਹਿੰਦਾ। ਐਸਾ ਹੈ ਫ਼ੈਜ਼ ਪਰਧਾਨ ਕਰਮ ਨਾਮ ਰੂਪੀ ਅਭਿਆਸ ਕਮਾਈ ਵਾਲਾ। (ਚਲਦਾ)



www.AKJ.Org

# ਕਰਨਲ ਦਲਜੀਤ ਸਿੰਘ ਜੀ (ਮਿੱਠਾਪੁਰ)

(ਪ੍ਰਿੰ: ਗੁਰਮੁਖ ਸਿੰਘ ਜੀ)

ਕਰਨਲ ਦਲਜੀਤ ਸਿੰਘ ਅਖੰਡ ਕੀਰਤਨੀ ਜੱਥੇ ਦੇ ਰੰਗਲੇ ਸੱਜਣਾਂ ਵਿੱਚੋਂ ਇੱਕ ਸਨ। ਆਪ ਮਿਤੀ 5-4-96 ਨੂੰ ਸੰਸਾਰ ਯਾਤਰਾ ਸਫ਼ਲ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਆਪ ਦਾ ਜਨਮ ਭਾ: ਹਜ਼ਾਰਾ ਸਿੰਘ ਜੀ ਦੇ ਗ੍ਰਿਹਿ ਵਿਖੇ ੨੦ ਜੂਨ ਸੰਨ 1917 ਨੂੰ ਹੋਇਆ। ਆਪ ਦੇ ਮਾਤਾ ਬੀਬੀ ਕਿਸ਼ਨ ਕੌਰ ਜੀ ਮਾਲਵੇ ਦੀ ਰਿਆਸਤ ਨਾਭਾ ਦੇ ਪਿੰਡਾਂ ਦੇ ਸਨ। ਕੁਦਰਤ ਨੇਤ ਮਾਤਾ ਅਤੇ ਪਿਤਾ ਦੋਵੇਂ ਹੀ ਮੁੱਢ ਤੋਂ ਦੈਵੀ ਗੁਣਾਂ ਨਾਲ ਭਰਪੂਰ ਗੁਰੂ-ਭਗਤੀ ਦੇ ਸੁਭਾਉ ਵਾਲੇ ਸਨ। ਭਾ: ਹਜ਼ਾਰਾ ਸਿੰਘ ਜੀ ਪਿੰਡ ਮਿੱਠਾਪੁਰ ਤੋਂ ਬਰਮਾ ਵਿੱਚ ਨਹਿਰੀ ਮਹਿਕਮੇ ਵਿਖੇ ਐਸ. ਡੀ. ਓ. ਸਨ। ਉਧਰ ਬੀਬੀ ਕਿਸ਼ਨ ਕੌਰ ਦੇ ਪਿਤਾ ਭੀ ਬਰਮਾ ਵਿਖੇ ਹੀ ਵੱਡੇ ਠੇਕੇਦਾਰ ਸਨ। ਦੋਵੇਂ ਪਰਿਵਾਰ ਗੁਰਸਿੱਖੀ ਰਹਿਤ ਰਹਿਣੀ ਵਿੱਚ ਦ੍ਰਿੜ੍ਹ ਸਨ। ਇਸ ਦਾ ਸੰਕੇਤ ਇਸ ਗੱਲ ਤੋਂ ਮਿਲਦਾ ਹੈ ਕਿ ਮਾਤਾ ਕਿਸ਼ਨ ਕੌਰ ਜੀ ਨੇ ਆਪਣੇ ਬੇਟੇ ਨੂੰ ਬਚਪਨ ਵਿੱਚ ਹੀ ਗਾਤਰੇ ਕਿਰਪਾਨ ਪੁਆ ਦਿੱਤੀ ਸੀ। ਇੰਜ ਗੁਰੂ-ਭਗਤੀ ਅਤੇ ਦੈਵੀ ਗੁਣ ਆਪ ਨੂੰ ਵਿਰਸੇ ਵਿੱਚ ਹੀ ਪ੍ਰਾਪਤ ਹੋਏ ਜਿਨ੍ਹਾਂ ਦਾ ਅੱਗੋਂ ਚੱਲ ਕੇ ਸੋਹਣਾ ਵਿਕਾਸ ਹੋਇਆ।

ਕਰਨਲ ਸਾਹਿਬ ਨੇ ਆਪਣੀ ਮੁੱਢਲੀ ਸਿੱਖਿਆ (ਦਸ ਜਮਾਤਾਂ) ਬਰਮਾ ਵਿਖੇ ਹੀ ਪ੍ਰਾਪਤ ਕੀਤੀ। ਓਦੋਂ ਬਰਮਾ ਹਿੰਦੁਸਤਾਨ ਦਾ ਭਾਗ ਹੋਇਆ ਕਰਦਾ ਸੀ ਅਤੇ ਅੰਗਰੇਜ਼ ਹੀ ਰਾਜ ਕਰਦੇ ਸਨ। ਆਪ ਨੇ ਬੀ. ਏ. ਸੰਨ 1942 ਵਿੱਚ ਐਫ. ਸੀ. ਕਾਲਿਜ ਲਾਹੌਰ ਤੋਂ ਕੀਤੀ। ਆਪ ਦਾ ਜਦੋਂ ਜਨਮ ਹੋਇਆ ਉਦੋਂ ਪਹਿਲਾ ਮਹਾਂਯੁੱਧ ਚੱਲ ਰਿਹਾ ਸੀ। ਜਦੋਂ ਆਪ ਰੋਜ਼ਗਾਰ ਦੀ ਤਲਾਸ਼ ਵਿੱਚ ਤੁਰੇ ਤਾਂ ਦੂਜਾ ਮਹਾਂਯੁੱਧ ਲੱਗਾ ਹੋਇਆ ਸੀ (1938-45)। ਉਹਨਾਂ ਸਮਿਆ ਵਿੱਚ ਪੰਜਾਬ ਦੇ ਗੱਭਰੂ ਫੌਜ ਵਿੱਚ ਭਰਤੀ ਹੋਣ ਨੂੰ ਬੜੇ ਫਖਰ ਦੀ ਗੱਲ ਸਮਝਦੇ ਸਨ। ਸੋ ਆਪ ਭੀ 1942 ਵਿੱਚ ਆਪਣੀ ਸਰੀਰਕ ਯੋਗਤਾ, (ਲੰਬੇ ਕੱਦ, ਸੋਹਣਾ, ਸਡੌਲ ਸਰੀਰ) ਅਤੇ ਵਿਦਿਅਕ ਪ੍ਰਾਪਤੀ ਦੇ ਆਧਾਰ ਤੇ ਫੌਜ ਵਿੱਚ ਬਤੌਰ ਅਫਸਰ ਭਰਤੀ ਹੋ ਗਏ। ਜਦੋਂ ਮਹਾ ਯੁੱਧ ਦੂਸਰਾ ਸਮਾਪਤ ਹੋਇਆ ਤਾਂ ਆਪ ਤਾ ਅਨੰਦ ਕਾਰਜ ਪਿੰਡ ਮਾਜਰੀ (ਲੁਧਿਆਣਾ) ਦੇ ਸਰਦੇ ਪੁੱਜਦੇ ਘਰ ਸ: ਭਜਨ ਸਿੰਘ ਦੀ ਲੜਕੀ ਬੀਬੀ ਹਰਸ਼ਰਨ ਕੌਰ ਨਾਲ ਹੋਇਆ।

1942 ਤੋਂ 1968 ਤੱਕ ਆਪ ਨੇ ਕਈ ਪਲਟਣਾਂ ਦੀ ਕਮਾਂਡ ਕੀਤੀ। ਕੁੱਝ ਸਮਾਂ ਆਪ ਆਰਮੀ ਹੈਡ ਕੁਆਟਰ ਵਿਖੇ ਬਤੌਰ ਸਟਾਫ ਆਫੀਸਰ ਭੀ ਰਹੇ। ਜਿੱਥੇ ਜਿੱਥੇ ਭੀ ਆਪ ਨੇ ਕਮਾਂਡ ਕੀਤੀ ਆਪਣੇ ਦੈਵੀ ਗੁਣਾਂ ਕਰਕੇ ਸਦਾ ਹਰ-ਮਨ-ਪਿਆਰੇ ਬਣੇ ਰਹੇ। ਫੌਜੀ ਡਿਸਪਲਿਨ ਨੂੰ ਆਪ ਸਦਾ ਬੜੇ ਪ੍ਰੇਰਣਾਮਈ ਤਰੀਕੇ ਨਾਲ ਲਾਗੂ ਕਰਦੇ। ਮਨੁੱਖੀ ਹਮਦਰਦੀ ਆਪ ਦੇ ਹੇਠਾਂ ਕੰਮ ਕਰਦੇ ਫੌਜੀਆਂ ਨਾਲ ਵਿਵਹਾਰ ਦਾ ਆਧਾਰ ਹੁੰਦੀ ਸੀ। ਜਿੱਥੇ ਆਪ ਨੂੰ ਦਇਆ ਵਰਗਾ ਦੈਵੀ ਗੁਣ ਵਿਰਸੇ ਵਿੱਚ ਮਿਲਿਆ ਸੀ ਉਥੇ ਸੱਚ ਨੂੰ ਆਪ ਨੇ ਆਪਣੇ ਜੀਵਨ ਦਾ ਲਕਸ਼ ਬਣਾਇਆ ਹੋਇਆ ਸੀ। 1968 ਵਿੱਚ ਆਪ ਨੂੰ ਨੌਕਰੀ ਦੌਰਾਨ ਸ਼ੂਗਰ ਹੋ ਗਈ। ਡਾਕਟਰਾਂ ਨੇ ਬਥੇਰਾ ਸਮਝਾਇਆ ਕਿ ਇਹ ਕੋਈ ਖਾਸ ਨੁਕਸ ਨਹੀਂ, ਛੇਤੀ ਠੀਕ ਹੋ ਜਾਵੇਗਾ, ਤੁਸੀਂ ਜਰਨੈਲ ਹੋ ਕੇ ਰੀਟਾਇਰ ਹੋਵਗੇ ਪਰ ਆਪ ਨੇ ਜਰਨੈਲੀ ਨਾਲੋਂ ਸੱਚ ਦੇ ਆਧਾਰ ਤੇ ਜੀਵਨ ਜੀਉਣਾ ਜ਼ਿਆਦਾ ਚੰਗਾ ਸਮਝਿਆ। 'ਸਰਕਾਰ ਨੂੰ ਧੋਖੇ ਵਿੱਚ ਰੱਖ ਕੇ ਨੌਕਰੀ ਨਹੀਂ ਕਰਨੀ' ਤੇ ਪਹਿਰਾ ਦਿੱਤਾ।

ਜਦੋਂ 1954 ਵਿੱਚ ਪੂਰਬਲਾ ਅੰਕੂਰ ਫਲਿਆ ਤਾਂ ਆਪ ਨੂੰ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਉਹਨਾ ਦੀ ਸੰਗਤ ਦੀ ਰੰਗਤ ਹੌਲੀ ਹੌਲੀ ਚੜ੍ਹੀ ਤਾਂ ਆਪ ਨੇ 1956 ਵਿੱਚ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਬਿਬੇਕ ਦੇ ਪਹਿਰੇ ਦਾ ਫੌਜੀ ਆਫੀਸਰ ਮੈਸ ਦੇ ਖਾਨ-ਪਾਨ ਨਾਲ ਟਕਰਾਉ ਸੁਭਾਵਕ ਸੀ। ਆਪ ਉਸ ਸਮੇਂ ਆਸਾਮ ਵਿਖੇ ਮਰਹੱਟਾ ਪਲਟਨ ਦੀ ਕਮਾਂਡ ਕਰ ਰਹੇ ਸਨ। ਆਪ ਅੰਦਰ ਇੱਕ ਅਜ਼ੀਬ ਕਸ਼-ਮਕਸ਼ (ਦੁਬਿਧਾ) ਖੜ੍ਹੀ ਹੋ ਗਈ। ਨੌਕਰੀ ਕਰਦਿਆਂ ਪੰਜਾਂ ਦੇ ਬਿਬੇਕ ਦੇ ਹੁਕਮਾਂ ਉੱਤੇ ਚੱਲਣਾ ਮੁਸ਼ਕਲ ਹੀ ਨਹੀਂ ਬਲਕਿ ਅਸੰਭਵ ਹੈ। ਜੇ ਹੁਕਮ ਕਮਾਉਣਾ ਹੈ ਤਾਂ ਕੀ ਨੌਕਰੀ ਛੱਡ ਦਿੱਤੀ ਜਾਵੇ? ਅਖ਼ਰ ਆਪ ਦੇ ਮਨ ਨੇ ਗੁਰੂ ਦੇ ਹੁਕਮਾਂ ਉੱਤੇ ਪਹਿਰਾ ਦੇਣ ਨੂੰ ਤਰਜੀਹ



www.AKJ.Org

ਦਿਤੀ ਅਤੇ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਪਰ ਮਗਰੋਂ ਸਾਧ ਸੰਗਤ ਅਤੇ ਪੰਚਾਂ ਦੇ ਹੁਕਮ ਅਨੁਸਾਰ ਆਪ ਨੂੰ ਅਸਤੀਫਾ ਵਾਪਸ ਲੈਣਾ ਪਿਆ ਪਰ ਇੰਜ ਕਰਨ ਨਾਲ ਆਪ ਨੂੰ ਕਰਨਲ ਤੋਂ ਹੇਠਲੇ ਦਰਜੇ ਦਾ ਅਫਸਰ-ਭਾਵ ਮੇਜਰ ਬਣਾ ਦਿਤਾ ਗਿਆ। ਆਪ ਨੂੰ ਤਿੰਨ ਮਹੀਨੇ ਫੌਜੀ ਨਿਗਰਾਨੀ ਵਿੱਚ ਰੱਖਿਆ ਗਿਆ, ਇਹ ਪਰਖਣ ਲਈ ਕਿ ਕੀ ਇਹਨਾਂ ਉੱਤੇ ਅਜੇ ਮਜ਼ਹਬੀ ਜ਼ਨੂੰਨ (Religious mania) ਸਵਾਰ ਹੈ? ਕਈ ਆਰਮੀ ਅਫਸਰਾਂ ਨੇ ਆਪ ਨੂੰ ਕਮਲਾ ਦਲਜੀਤ ਭੀ ਆਖਿਆ। ਕਈਆਂ ਨੇ ਇਹ ਭੀ ਆਖਿਆ ਕਿ ਕਰਨੈਲੀ ਦੇ ਫੀਤੇ ਇਸ਼ ਨੂੰ ਭੂੰਡਾਂ ਵਾਂਝ ਲੜਦੇ ਸੀ, ਆਪੂੰ ਲਹਾ ਸੁੱਟੇ। ਜਿਤਨੇ ਮੂੰਹ ਉਤਨੇ ਮੇਹਣੇ ਆਪ ਦੀ ਝੋਲੀ ਪਾਏ ਗਏ। ਗੁਰੂ ਕੇ ਸਿੱਖ ਲਈ ਇਹ ਘੜੀ ਅਤਿ ਕਰੜੇ ਇਮਤਿਹਾਨ ਦੀ ਘੜੀ ਸੀ। ਭਾਈ ਗੁਰਦਾਸ ਜੀ ਦੀ ਵਾਰ ਦੀ ਇਹ ਲਾਈਨ 'ਸਦਾ ਸਿੱਖ ਨੂੰ ਚੇਤੇ ਰੱਖਣੀ ਚਾਹੀਦੀ ਹੈ- *''ਜੇ ਗੁਰ ਸਾਂਗਿ ਵਰਤਦਾ, ਸਿਖੁ ਸਿਦਕੁ ਨ ਹਾਰੇ।''* (ਵਾਰ ੩੫/੨੦)

ਕਰਨਲ ਸਾਹਿਬ ਉਤੇ ਵਾਹਿਗੁਰੂ ਨੇ ਮਿਹਰ ਕੀਤੀ। ਆਪ ਦਾ ਸਿੱਖੀ ਸਿਦਕ ਡੋਲਿਆ ਨਹੀਂ। ਨਿਗਰਾਨ ਕਮੇਟੀ ਨੇ ਰਿਪੋਰਟ ਦਿੱਤੀ ਕਿ ਇਹੋ ਲਾਇਕ ਅਫਸਰ ਨੂੰ ਤੁਰੰਤ ਨੌਕਰੀ ਤੋਂ ਬਹਾਲ ਕੀਤਾ ਜਾਏ ਅਤੇ ਆਪਣੇ ਪਿਛਲੇ ਅਹੁਦੇ ਦੇ ਲਗਾਇਆ ਜਾਵੇ। ਆਪ ਨੌਕਰੀ ਤੇ ਤਾਂ ਬਹਾਲ ਹੋ ਗਏ ਪਰ ਆਪ ਦੇ ਕਰਨੈਲੀ ਦੇ ਫੀਤੇ ਵਾਪਸ ਨਹੀਂ ਮੋੜੇ ਗਏ। ਆਪ ਨੇ ਭਾਣੇ ਅੰਦਰ ਉਹਨਾ ਅਫਸਰਾਂ ਥੱਲੇ ਭੀ ਕੰਮ ਕਰਨਾ ਪਿਆ ਜਿਹੜੇ ਆਪ ਦੇ ਥੱਲੇ ਕੰਮ ਕਰਦੇ ਸਨ। ਫਿਰ ਭੀ ਆਪ ਡੋਲੇ ਨਹੀਂ। ਰਜ਼ਾ ਵਿੱਚ ਅਡੋਲ, ਇਸ ਨੂੰ ਰੱਬ ਦੀ ਰਜ਼ਾ ਜਾਣ ਕੇ ਸਿਰ ਮੱਥੇ ਕਬੂਲ ਕੀਤਾ। ਆਰਮੀ ਹੈਡਕੁਆਟਰ ਨੇ ਆਪ ਦੇ ਅਸਤੀਫੇ ਨੂੰ ਫੌਜੀ ਡਿਸਿਪਲਿਨ ਦੀ ਅਵੱਗਿਆ ਸਮਝਦੇ ਹੋਏ ਸੱਤ ਸਾਲ ਤੱਕ ਤਰੱਕੀ ਰੋਕੀ ਰੱਖੀ ਪਰ ਕੁਮਾਰ ਹੱਟੀ ਵਿਖੇ ਜੁੜੀ ਭਾ: ਸਾ: ਭਾ: ਰਣਧੀਰ ਸਿੰਘ ਜੀ ਸਹਿਤ ਸੰਗਤ ਨੇ ਅਰਦਾਸ ਕੀਤੀ ਤਾਂ ਜਾ ਕੇ ਕੋਈ ਧੁਰੋਂ ਹੀ ਬਿਧਿ ਬਣੀ ਅਤੇ ਆਪ ਨੂੰ ਕਰਨੈਲੀ ਦੇ ਫੀਤੇ ਵਾਪਸ ਮਿਲੇ। ਆਰਮੀ ਦੀ ਪਰੰਪਰਾ ਵਿੱਚ ਇਹ ਇੱਕ ਕ੍ਰਿਸ਼ਮਾ ਹੀ ਸੀ, ਨਹੀਂ ਤਾ ਡਿਮੋਟ ਹੋਏ ਨੂੰ ਮੁੜ ਕੇ ਪਰੋਮੋਟ ਨਹੀਂ ਕਰਦੇ। ਪਟਿਆਲਾ ਵਿਖੇ 1962 ਵਿਚ ਦਾਸ ਦਾ ਆਪ ਨਾਲ ਉਦੋਂ ਮੇਲ ਹੋਇਆ ਜਦੋਂ ਆਪ ਅਜੇ ਮੇਜਰ ਹੀ ਸਨ ਅਤੇ ਫਿਰੋਜਪੁਰ ਛਾਉਣੀ ਵਿਖੇ ਰਹਿੰਦੇ ਸਨ। ਕਰਨੈਲੀ ਖੁਸ ਚੁੱਕੀ ਸੀ। ਚੀਨ ਦੀ ਜੰਗ (1962) ਸਮੇਂ ਆਪ ਦੀ ਪਲਟਣ ਨੇ ਨੀਫਾ (ਆਸਾਮ) ਬਾਰਡਰ ਤੇ ਜਾਣਾ ਸੀ ਤੇ ਜਾਣ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਅਤੇ ਅਖੰਡ ਕੀਰਤਨ ਆਪ ਦੀ ਕੋਠੀ ਵਿਖੇ ਹੋਇਆ। ਦਾਸ ਭੀ ਪਟਿਆਲਾ ਤੋਂ ਭਾ: ਮਹਿੰਦਰ ਸਿੰਘ (ਐਸ.ਡੀ. ਓ.) ਦੇ ਜੱਥੇ ਦੇ ਅੰਗ ਸੰਗ ਉਥੇ ਗਿਆ ਹੋਇਆ ਸੀ। ਮੇਜਰ ਦਲਜੀਤ ਸਿੰਘ ਜੀ ਕਿਵੇਂ ਸਿੰਘਾਂ ਤੋਂ ਵਾਰਨੇ-ਘੋਲੇ ਜਾ ਰਹੇ ਸਨ, ਦੇਖਿਆ ਹੀ ਬਣਦਾ ਸੀ। ਇਤਨਾ ਵੱਡਾ ਅਫਸਰ ਤੇ ਇਤਨੀ ਵੱਡੀ ਨਿਮਰਤਾ ਅਤੇ ਮਿਠਾਸ। ਮੈਂ ਪਹਿਲੀ ਵਾਰ ਮਹਿਸੂਸ ਕੀਤਾ ਕਿ ਗੁਰਸਿੱਖਾ ਵਿੱਚ ਇਹੋ ਜਿਹੇ ਗੁਣ ਭੀ ਹੋ ਸਕਦੇ ਹਨ। ਪਰਤੱਖ ਨੂੰ ਪ੍ਰਮਾਣ ਕੀ ? ਆਪ ਨੂੰ ਨਾ ਤਾਂ ਆਪਣੀ ਅਫਸਰੀ ਦਾ ਗੁਮਾਨ ਸੀ ਅਤੇ ਨਾ ਹੀ ਜਤਲਾਉਣ ਦਾ ਜਤਨ ਹੀ ਕੀਤਾ। 1963 ਵਿੱਚ ਸੰਗਤ ਦੀਆਂ ਅਰਦਾਸਾਂ ਸਦਕਾ ਕਰਨਲ ਸਾਹਿਬ ਨੂੰ ਕਰਨੈਲੀ ਉੱਤੇ ਮੁੜ ਬਹਾਲ ਕਰ ਦਿੱਤਾ ਗਿਆ। ਪਟਿਆਲਾ ਵਿਖੇ ਭੈਣ ਹਰਸ਼ਰਨ ਕੌਰ (ਸੁਪਤਨੀ) ਜੀ ਨੇ ਕਰਨਲ ਸਾਹਿਬ ਦੀ ਤਰੱਕੀ ਦੇ ਸ਼ੁਕਰਾਨੇ ਕਰਨ ਲਈ ਸ੍ਰੀ ਅਖੰਡ ਪਾਠ ਸਾਹਿਬ ਦਾ ਪਟਿਆਲਾ ਵਿਖੇ ਹੀ ਸਮਾਗਮ ਕਰਾਇਆ। ਦੀਵਾਨ ਦੀ ਸਮਾਪਤੀ ਹੋਣ ਉਪਰੰਤ ਅਜੇ ਦੇਗ ਵਰਤ ਹੀ ਰਹੀ ਸੀ ਕਿ ਕਰਨਲ ਸਾਹਿਬ ਆਣ ਪਹੁੰਚੇ। ਆਪ ਆਪਣੇ ਨਾਲ ਦਿੱਲੀ ਦੇ ਆਰਮੀ ਹੈਡ-ਕੁਆਟਰ ਤੋਂ ਕਰਨੈਲੀ ਦੇ ਫੀਤੇ ਲਿਆਏ ਸਨ। ਪਰ ਅਜੇ ਆਪਣੇ ਮੋਢਿਆ ਤੇ ਸਜਾਏ ਨਹੀਂ ਸਨ। ਜੇ ਉਹ ਉਥੇ ਹੀ ਸਜਾ ਕੇ ਪਟਿਆਲੇ ਆ ਜਾਂਦੇ ਤਾਂ ਸਿੰਘਾਂ ਨੇ ਕੋਈ ਬੁਰਾ ਤਾਂ ਨਹੀਂ ਸੀ ਮਨਾਉਣਾ ਪਰ ਗੁਰੂ ਕੇ ਸਿੱਖ ਦੀ ਭਾਵਨੀ ਦੇਖੋ : "ਇਹ ਕਰਨੈਲੀ ਮੈਨੂੰ ਗੁਰੂ ਨੇ ਸੰਗਤ ਦੀ ਅਰਦਾਸ ਸਦਕਾ ਬਖਸ਼ੀ ਹੈ, ਹੁਣ ਤਾਂ ਸੰਗਤ ਹੀ ਇਹ ਫੀਤੇ ਮੇਰੇ ਮੋਢਿਆਂ ਤੇ ਸਜਾਵੇ ਤਾਂ ਚੰਗਾ ਹੈ।'' ਉਸੀ ਸ਼ਾਮ ਗੁਰੂ ਮਹਾਰਾਜ ਦੇ ਕਮਰੇ ਵਿੱਚ ਪੰਜਾਂ ਸਿੰਘਾਂ ਨੇ ਵਰਦੀਆਂ ਸਜਾਈਆਂ। ਭੈਣ ਜੀ ਨੇ ਕਰਨੈਲੀ ਦੇ ਫੀਤਿਆਂ ਨੂੰ ਇਕੱਤਰ ਹੋਈ ਸੰਗਤ ਦੀ ਚਰਨ ਧੂੜ (ਜੋੜਿਆਂ) ਨਾਲ ਛੁਹਾ ਕੇ ਪੰਜਾਂ ਪਿਆਰਿਆਂ ਨੂੰ ਭਾਈ ਦਲਜੀਤ ਸਿੰਘ ਦੇ ਮੋਢਿਆਂ ਤੇ ਸਜਾਉਣ ਲਈ ਆਣ ਭੇਟ ਕੀਤੇ। ਪੰਚਾਂ ਨੇ ਸੱਚੇ ਪਾਤਸ਼ਾਹ ਦੇ ਸਨਮੁੱਖ ਸ਼ੁਕਰਾਨੇ ਦਾ ਅਰਦਾਸਾ


www.AKJ.Org

ਸੋਧਿਆ ਅਤੇ ਉਹ ਫੀਤੇ ਕਰਨਲ ਸਾਹਿਬ ਦੇ ਮੋਢਿਆਂ ਤੇ ਸਜਾਏ। ਦਾਸ ਉਨ੍ਹਾਂ ਪੰਚਾਂ ਵਿੱਚ ਸ਼ਾਮਲ ਸੀ ਜਿਸ ਕਰਕੇ ਅੱਜ ਉਹਨਾਂ ਦੇ ਜੀਵਨ ਦੀ ਇਸ ਘਟਨਾ ਨੂੰ ਅਖੀਂ ਦੇਖੀ ਅਤੇ ਹੱਡ-ਵਰਤੀ ਘਟਨਾ ਵਜੋਂ ਲਿਖ ਰਿਹਾ ਹਾਂ। ਭਾਈ ਗੁਰਦਾਸ ਜੀ ਦੀ ਇੱਕ ਬਹੁਤ ਖੂਬਸੂਰਤ ਵੀਚਾਰ ਹੈ :- ਸ਼ੰਕਾ ਮਨਹੁ ਮਿਟਾਇ ਕੇ ਗੁਰਸਿਖਾਂ ਦੀ ਸੇਵ ਕਰੰਦਾ॥ (ਵਾਰ ੪੦/੧੧) ਜਿਹੜੇ ਪੰਚ ਜਨ ਉਪਰੋਕਤ ਘਟਨਾ ਵਿੱਚ ਸ਼ਾਮਿਲ ਹੋਏ ਸਨ ਉਨ੍ਹਾਂ ਦਾ ਸਮਾਜਿਕ ਦਰਜਾ ਜੇ ਵੇਖਿਆ ਜਾਏ ਤਾਂ ਕਿਤਨਾ ਨੀਵਾਂ ਸੀ ਪਰ ਧੰਨ ਹਨ ਉਹ ਗੁਰੂ ਪਿਆਰੇ ਜਿਨ੍ਹਾਂ ਸ਼ੰਕਾਂ ਮਨਹੁ ਮਿਟਾਲ ਕੇ ਪੰਚਾਂ ਦੀ ਸੇਵਾ ਵਿੱਚ ਐਸੇ ਗੁਰਸਿੱਖਾਂ ਨੂੰ ਸ਼ਾਮਲ ਹੋਣ ਲਈ ਬੇਨਤੀ ਕੀਤੀ। ਇੱਥੇ ਇਸ ਗੁਰਸਿੱਖ ਦੀ ਅੰਤਰੀਵ ਸੂਖਮ ਜਿਹੀ ਭਾਵਨਾ ਦੇ ਦਰਸ਼ਨ ਹੁੰਦੇ ਹਨ ਜਿਸ ਨੂੰ ਉਹਨਾਂ ਆਪਣੇ ਹੀ ਢੰਗ ਨਾਲ ਪਰਗਟ ਕੀਤਾ। ਉਹਨਾਂ ਕਿਸੇ ਦਾ ਸਟੇਟਸ ਨਹੀਂ ਸੀ ਕਦੇ ਵੇਖਿਆ, ਹਮੇਸ਼ਾਂ ਸਿੱਖੀ ਸਰੂਪ ਨੂੰ ਨਮਸਕਾਰਦੇ ਸਨ। 1962 ਤੋਂ 1996 ਤੱਕ ਲੱਗਭੱਗ 34 ਸਾਲ ਤੋਂ ਦਾਸ ਕਰਨਲ ਸਾਹਿਬ ਦੀ ਗੁਰਸਿੱਖਾਂ ਪ੍ਰਤੀ ਪ੍ਰੇਮ ਭਾਵਨੀ ਦੇ ਦਰਸ਼ਨ ਕਰਦਾ ਆਇਆ ਹੈ। ਉਹਨਾਂ ਪਾਸ ਕੋਈ ਗੁਰਸਿਖ ਆ ਜਾਏ ਸਭ ਨੂੰ ਹੰਸੂ ਹੰਸੂ ਕਰਦਿਆਂ ਮਿਲਦੇ ਸਨ। ਆਦਰ ਦੇ ਕੇ ਬਿਠਾਉਣਾ, ਉਹਨਾਂ ਦੇ ਬਚਨ ਬੜੇ ਧਿਆਨ ਨਾਲ ਸੁਣਨੇ ਅਤੇ ਲੋੜ ਅਨੁਸਾਰ ਆਪਣੀ ਰਾਏ ਦੇਣੀ, ਯਥਾ ਸ਼ਕਤ ਮਾਇਕ ਸੇਵਾ ਭੀ ਕਰਦੇ ਹੁੰਦੇ ਸਨ। ਮੌਸਮ ਅਤੇ ਸਮੇਂ ਅਨੁਸਾਰ ਜ਼ਰੂਰ ਕੁੱਝ ਨਾ ਕੁੱਝ ਛਕਾਅ ਕੇ ਹੀ ਵਿਦਾ ਕਰਦੇ। 1968 ਵਿੱਚ ਰਿਟਾਇਰ ਹੋਣ ਮਗਰੋਂ ਇੱਕ ਸਾਲ ਐਨ. ਸੀ. ਸੀ. ਵੱਲ ਭੀ ਨੌਕਰੀ ਕੀਤੀ ਪਰ ਰੁਚੀ ਨੇ ਪਰਵਾਨ ਨਹੀਂ ਕੀਤਾ। 1969 ਵਿੱਚ ਪਹਿਲਾ ਕੁੱਝ ਚਿਰ ਮਾਡਲ ਟਾਊਨ ਜਲੰਧਰ ਰਹੇ ਫਿਰ ਮਿੱਠਾਪੁਰ ਵਿਖੇ ਕੈਂਟ ਰੋਡ ਤੇ ਸਥਿਤ ਆਪਣੀ ਜੱਦੀ ਜ਼ਮੀਨ ਤੇ ਕੋਠੀ ਪਾ ਕੇ ਰਹਿਣ ਲੱਗ ਪਏ ਸਨ।

ਬਹੁਤ ਥੋੜ੍ਹੇ ਸਿੰਘ ਜਾਣਦੇ ਹਨ ਕਿ 'ਸੂਰਾ' ਮਾਸਿਕ ਪੱਤਰ ਦੀ ਭੀ ਆਪ ਨੇ ਕੁੱਝ ਮਹੀਨੇ ਸੇਵਾ ਕੀਤੀ। 1969 ਵਿੱਚ ਦਾਸ ਦੇ ਪਟਿਆਲੇ ਤੋਂ ਕਪੂਰਥਲੇ ਕਾਲਿਜ ਵਿਖੇ ਆ ਜਾਣ ਕਰਕੇ ਪਿੱਛੇ 'ਸੂਰਾ' ਦੀ ਸਾਂਭ ਸੰਭਾਲ ਵਿੱਚ ਕਮੀ ਨੂੰ ਵੇਖਦਿਆਂ ਕਰਨਲ ਸਾਹਿਬ ਨੇ ਇਹ ਸੇਵਾ ਆਪਣੇ ਜ਼ੁੰਮੇ ਲੈ ਲਈ ਸੀ। ਪ੍ਰੈਸ ਦੀ ਮਸ਼ੀਨ ਅਤੇ ਰਸਾਲਾ ਮਾਡਲ ਟਾਊਨ ਜਲੰਧਰ ਵਿਖੇ ਲੈ ਆਂਦਾ। 1970-71 ਵਿੱਚ ਇਹ ਰਸਾਲਾ ਸ੍ਰੀ ਅੰਮ੍ਰਿਤਸਰ ਵਿਖੇ ਯੋਗ ਹੱਥਾਂ ਵਿੱਚ ਦੇ ਦਿੱਤਾ। ਆਪ ਇਹ ਨਹੀਂ ਸੀ ਚਾਹੁੰਦੇ ਕਿ ਜੱਥੇ ਦਾ ਇੱਕੋ ਇੱਕ (ਆਰਗਨ) ਰਸਾਲਾ ਅਯੋਗ ਹੱਥਾਂ ਵਿੱਚ ਖਤਮ ਹੋ ਜਾਏ। ਅੱਜ ਇਹ ਮਹਿਸੂਸ ਹੁੰਦਾ ਹੈ ਕਿ ਕਰਨਲ ਸਾਹਿਬ ਦਾ ਇਹ ਕਦਮ ਉਹਨਾਂ ਦੀ ਦੂਰ-ਅੰਦੇਸ਼ੀ ਦਾ ਸੂਚਕ ਸੀ। 'ਸੂਰਾ' ਅੱਜ ਭੀ ਕਾਇਮ ਹੈ।

1978 ਦੇ ਸ਼ਹੀਦੀ ਸਾਕੇ ਤੋਂ ਆਪ ਭੀ ਬੜੇ ਪ੍ਰਭਾਵਿਤ ਹੋਏ। ਇਹਨਾਂ ਜੱਥੇ ਅਤੇ ਪੰਥ ਦੇ ਹਿੱਤ (ਕਾਜ਼) ਨੂੰ ਮੁੱਖ ਰੱਖਦਿਆਂ, ਭਾਵੇਂ ਘਰ ਵਿੱਚ ਕਿੰਨੀ ਔਖਿਆਈ ਹੁੰਦੀ ਪਰ ਭੈਣ ਹਰਿਸ਼ਰਨ ਕੌਰ ਜੀ ਨੂੰ ਜੱਥੇ ਦੀ ਅਤੇ ਗੁਰੂ ਪੰਥ ਦੀ ਸੇਵਾ ਤੋਂ ਕਦੇ ਨਹੀਂ ਸੀ ਰੋਕਿਆ। ਮਾਇਕ ਸੇਵਾ ਭੀ ਆਪ ਖੁੱਲ੍ਹੇ ਦਿਲ ਨਾਲ ਕਰਦੇ ਰਹਿੰਦੇ ਸਨ। ਕਰਨਲ ਸਾਹਿਬ ਸਮੇਂ ਸਮੇਂ ਜੱਥੇ ਨੂੰ ਦੁਫਾੜ ਹੋਣ ਤੋਂ ਬਚਾਉਣ ਲਈ ਆਪਣੇ ਪੁਰਾਤਨ ਸੰਗੀ ਸਾਥੀਆਂ ਨਾਲ ਮਿਲ ਕੇ ਹਮੇਸ਼ਾ ਯਤਨ ਕਰਦੇ ਰਹਿੰਦੇ ਸਨ।

ਇਹ ਵੇਖਣ ਵਿੱਚ ਆਉਂਦਾ ਹੈ ਕਿ ਇੱਕ ਫੌਜੀ, ਹੁਕਮ ਮੰਨਣ ਅਤੇਂ ਡਿਸਿਪਲਿਨ ਵਿੱਚ ਦ੍ਰਿੜ੍ਹ ਰਹਿਣ ਵਿੱਚ ਜਿਤਨਾ ਪੱਕਾ ਹੁੰਦਾ ਹੈ ਉਤਨਾ ਸਾਧਾਰਨ ਬੰਦਾ ਨਹੀਂ ਹੁੰਦਾ।

ਮੈਨੂੰ ਕਰਨਲ ਪਿਆਰਾ ਸਿੰਘ (ਜੈਪੁਰਵਾਸੀ) ਦੀ ਆਖੀ ਗੱਲ ਚੇਤੇ ਆਉਂਦੀ ਹੈ ਕਿ ਸੱਚੇ ਪਾਤਸ਼ਾਹ ਅੰਮ੍ਰਿਤ ਵੇਲੇ ਦੀ ਖਾਲਸਾ ਫੌਜ ਦੀ ਪਰੇਡ (ਨਾਮ ਅਭਿਆਸ ਕਮਾਈ) ਵਿੱਚ ਹਰ ਗੁਰਸਿੱਖ ਦੀ ਹਾਜ਼ਰੀ ਆਪ ਲਗਾਂਦੇ ਹਨ। ਗੈਰ-ਹਾਜ਼ਰਾਂ ਨੂੰਕੁੱਝ ਚਿਰ ਤਾਂ ਵੇਖਦੇ ਹਨ ਪਰ ਉਹਨ੍ਹਾਂ ਵਲੋਂ ਕੀਤੀ ਗਈ ਅਣਗਹਿਲੀ ਅਤੇ ਲਗਾਤਾਰ ਗੈਰ-ਹਾਜ਼ਰੀ ਕਾਰਨ ਉਹਨਾਂ ਦਾ ਨਾਮ ਆਪਣੇ ਰਜਿਸਟਰ ਵਿਚੋਂ ਕੱਟ ਦਿੰਦੇ ਹਨ। ਕਰਨਲ ਦਲਜੀਤ ਸਿੰਘ ਜੀ ਭੀ ਫੌਜੀ ਸਨ। ਇਹਨਾਂ ਵਿਚ ਜਿਥੇ ਹੋਰ ਦੈਵੀ ਗੁਣ ਸਨ ਉਥੇ ਗੁਰੂ ਹੁਕਮਾਂ ਉੱਤੇ ਆਪ ਕਰੜਾਈ ਨਾਲ ਪਹਿਰਾ ਦਿੰਦੇ ਸਨ। ਅੰਮ੍ਰਿਤ ਵੇਲੇ ਦੀ ਸੰਭਾਲ ਦੀ ਆਪ ਉੱਪਰ ਬਖਸ਼ਿਸ਼ ਹੋਈ ਹੋਈ ਸੀ। ਆਪ ਗੁਰੂ ਗੁਰੂ ਜਪਦੇ, ਮਿੱਠਾ ਬੋਲਦੇ ਅਤੇ ਸਰਬੱਤ ਦੇ ਭਲੇ ਵਿੱਚ ਆਪਣਾ ਯੋਗਦਾਨ ਪਾਉਂਦੇ 5 ਅਪ੍ਰੈਲ 1996 ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ । ਧੰਨ ਗੁਰੂ, ਧੰਨ ਗੁਰੂ ਪਿਆਰੇ।


www.AKJ.Org

# Guru Granth Sahib

(Dr. Gobind Singh Mansukhani)

**Compilation of Guru Granth.** Guru Arjan gave a central place of worship to the Sikhs in Harmander Şahib. What now he wanted was a scripture for the Sikhs. So he collected from Bhai Mohan, the son of Guru Amar Das, the hymns of the first three Gurus and some Bhagats, and added to them the compositions of his father Guru Ramdas, and his own. He got the Adi Granth written by Bhai Gurdas. Guru Arjan gave the copy to Bhai Bano for binding. He took it for binding to Lahore and on the way prepared a copy. This is known as Bhai Bano's copy. Guru Argan got the original after binding. He installed the Holy Book at Harmander in 1604. Baba Buddha was appointed as its first Granthi or keeper. This copy passed in to custody of Bhai Dhirmal, son of Guru Hargobing, who refused to give it to the Guru. Subsequently some Sikhs brought this copy to the ninth Guru who returned it to Dhirmal. It is said that Guru Gobind singht stayed at Damdama Sahib for nine months in 1706 and diclaled the whole AdiGranth to Bhai Mani Singh. Undoubtedly, the Guru expunged certain unauthorised pieces which had crept into some pirated copies and gave it a final form.

But according to S.Teja Sing and Ganda Singh, there was copy of the Adi Granth at Dacca dated 1675. Another copy of the Granth was found at Patna in 1691 which contains the hymns of Guru Tegh Bahadur at proper places.* But it must be noted that it was on the copy prepared at Damdama Şahib that the Gurudom was bestowed in 1708.**

**The Contents.** The Granth Sahib also called Adi Granth contains compositions of the first five Gurus the ninth Guru, fifteen Bhagats (Jai Dev, Nam Dev, Trilochan, Parmanand, Sadna, Ramanand, Beni, Dhanna, Pipa, Sain, Kabir, Ravidas, Farid, Surday, Bhikhan). and eleven Bhattas (Mathra, Jalap, Harbans, Talya, Salya, Bhal, Kulh Sahar, Nal, Kirat, Gayand, Sadrang).***

Guru Granth contains 5894 hymns. The number of stanzas according to Pincott is 15575. 974 hymns are written by the first Guru, 62 by the second Guru, 907 by the third, 679 by the fourth 2218 by the fifth, and 115 by the ninth. Among the remaining 922 hymns of Bhagats, the highest number of hymns (541) is by Kabir.

Music forms the basis of the classification of the hymns. Under each Rag, the hymnes are arranged in the following order :

1. Chaupadas---hymns of four verses.
2. Ashtapadas---hymns of eight verses.
3. Long poems.
4. Chhant---Verses of six lines.
5. Short poems.
6. Vars consisting of two or more Saloks and a pauri.
7. Poems of Bhagats in the same order.

*G B. Singh in his "Sri Guru Granth Sahib Deean Prachin Beeran" in Punjabi enumerates 30 different copies of the Adi Granth.

**Arnold Toynbee : The Adi Granth is the Sikh's perpetual Guru (spiritual guide).

***C.P. Rama Swami Aiyer . The Sikh scripture is the only book in the world where the teachings of otherwise men are given, side by side with those of the Gurus.



www.AKJ.Org

The hymens are further classified according to the musical clef (Ghar) in which each is to be sung. The Guru has used 31 Ragas. So the Granth is arranged firstly according to the Ragas, secondly, according to the nature or metre of the poem, thirdly authership, and fourthly the clef. The ordinary edition of Adi Granth contains 1430 Pages.

## Characteristics of Adi Granth.

At the end, Guru Arjan dev has summed up the nature of the holy book in Mundawani;

"In this dish are placed three things: Truth, contentment and wisdom. There seasoned with the Name of God which is the basis of all; whoever eats and enjoy it, shall be saved,"

Guru Arjan's aim was to provide a book of universal reliogion, for everybody, everywhere.* He wanted to guide and regenerate all types of men. He says:

"It is a thing which you cannot afford to neglect.

You must tske it to your hearts."

The Adi Granth is both metaphysics and ethics, the science of reality and the art of union with Reality. It gives us a vision of truth, and it opens up new path for the mind of man.

It is a work of divine inspiration, primarily spiritual and incidently philosophical. It is a collection of devotional poems and prayers. Miss Charlotte Mary Tucker called it, ' The book of yeaning.' The Guru accept certain fundamentals laws like Karma, cycle of birth and death, Maya etcetera. Guru Arjan incorporated the hymns of some Bhagats who subscribed to the unity of God and the cult of Bhagti. Such hymns enshrine the essence of four centuries (thirteenth to sixteenth) of indian thought in simple but telling words. Moreover the verses are set to appropriate musical scores.

The Adi Granth is an authentic scripture. The compositions of the Sikhs Guru were preserved, and subsequenty collected by Guru Arjan. When the original copy ( which is now at Kartarpur) could not the obtained, Guru Gobind Singh dictated it to Bhai Mani Singh. There are no spurious or extraneous poems in it. It is therefore a unique treasure, a noble present to all mankind.**

(To be continued)

---

*Puran Singh: Guru Granth is the scripture of all nations, for its is the lyric of divine love and all the people of the earth subsist on such glowing lyrical prayer. Guru Granth is but one song, one Idea and one life. ( Spirit of Oriental Poetry)

**Opinions of eminent men are given below :

Pearl, Buck : It is a source-book, an expression of man's loneliness, his aspirations, his longings, his cry to God and his hunger for communication with that Being.

Dr. S. Radha Krishnan : We find in the Adi Granth, a wide range of mystical emotions, intimate expressions of the personal realization of God and rapturous hymns of divine love.

Dr. Rajendra Prasad : There is much in the Granth Sahib which should interest the people of all faiths. It would provide a healthy corrective to those who may be inclined to lay undue stress on the exclusiveness of languages and religious traditions.

Duncan Greenless : Among the world's scriptures, few any, attain so high a literary level. or so constant a height of inspiration.



www.AKJ.Org

## ਅਗਸਤ ਮਹੀਨੇ ਵਿਚ ਸਿੱਖ ਇਤਿਹਾਸ ਨਾਲ ਸਬੰਧਤ ਕੁਝ ਮਹੱਤਵ ਪੂਰਨ ਘਟਨਾਵਾਂ

**ਅਗਸਤ** ੧ ਮਹਾਰਾਣੀ ਜਿੰਦਾ ਨੂੰ ਅੰਗਰੇਜ਼ਾਂ ਨੇ ੧੮੪੭ ਈ. ਵਿਚ ਸ਼ੇਖੂਪੁਰੇ ਦੇ ਕਿਲ੍ਹੇ ਵਿਚ ਕੈਦ ਕੀਤਾ। ਪਿਛੋਂ ਉਹ ਜਤਨ ਕਰਕੇ ਮਹਾਰਾਜ ਦਲੀਪ ਸਿੰਘ ਪਾਸ ਵਲੈਤ ਪਹੁੰਚੀ। ੧੮੬੩ ਈ. ਵਿਚ ਵਲੈਤ ਵਿਖੇ ਹੀ ਉਸਦਾ ਅਕਾਲ-ਚਲਾਣਾ ਹੋਇਆ। ਉਸ ਦੀਆਂ ਅਸਥੀਆਂ ਨੂੰ ਕੈਨਸੋਲ ਗਰੀਨ ਸਿਮੈਟਰੀ ਵਿਚ ਰੱਖਿਆ ਗਿਆ। ਬਾਅਦ ਵਿਚ ਮਹਾਰਾਜਾ ਦਲੀਪ ਸਿੰਘ ਨੇ ਉਨ੍ਹਾਂ ਨੂੰ ਭਾਰਤ ਵਿਚ ਆ ਕੇ ਦਰਿਆ ਗੋਦਾਵਰੀ ਵਿਚ ਪਰਵਾਹ ਕੀਤਾ।

**ਅਗਸਤ** ੨ ਸਰਹੰਦ ਦਾ ਪ੍ਰਬੰਧ ਬਾਬਾ ਆਲਾ ਸਿੰਘ ਨੇ ਸੰਭਾਲਿਆ।

**ਅਗਸਤ** ੬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਨਾਨ ਸਟੈਚੂਅਰੀ) ਨੇ ੧੯੨੩ ਈ. ਵਿਚ ਨਾਭਾ ਐਜੀਟੇਸ਼ਨ ਚਲਾਉਣ ਦਾ ਮਤਾ ਪਾਸ ਕੀਤਾ।

**ਅਗਸਤ** ੭ (ੳ) ਗੁਰਦੁਆਰਾ ਕਾਨੂੰਨ ੧੯੨੫ ਈ. ਦੇ ਸਰਕਾਰੀ ਗਜ਼ਟ ਵਿਚ ਪ੍ਰਕਾਸ਼ਿਤ ਕੀਤਾ ਗਿਆ।
(ਅ) ਬਾਬਾ ਆਲਾ ਸਿੰਘ ਦਾ ਅਕਾਲ ਚਲਾਣਾ (ਸੰਨ ੧੭੬੫)।

**ਅਗਸਤ** ੮ ਮੋਰਚਾ ਗੁਰੂ ਕਾ ਬਾਗ਼ -ਗੁਰੂ ਕੇ ਬਾਗ਼ ਦਾ ਗੁਰਦੁਆਰਾ ਮਹੰਤ ਸੁੰਦਰ ਦਾਸ ਦੇ ਕਬਜ਼ੇ 'ਚੋਂ ਛੁਡਾਉਣ ਹਿਤ ੧੯੨੨ ਈ. ਵਿਚ ਸ਼ਾਂਤਮਈ ਮੋਰਚਾ ਲੱਗਾ। ਇਹ ਮੋਰਚਾ ਵੀ ਅਕਾਲੀ ਲਹਿਰ (੧੯੨੦-੨੫ ਈ.) ਦੀ ਇਕ ਕੜੀ ਹੀ ਸੀ। ਸਰਕਾਰ ਨੇ ਮਹੰਤ ਦਾ ਪੱਖ ਲਿਆ ਅਤੇ ੨੩ ਅਗਸਤ ਤੋਂ ੧੩ ਸਤੰਬਰ ਤਕ ਜਥਿਆਂ ਉਤੇ ਬੜੀ ਬੇਦਰਦੀ ਨਾਲ ਲਾਠੀਚਾਰਜ ਕੀਤਾ। ਪਰੰਤੂ ਸਿੰਘਾਂ ਨੇਂ ਸ਼ਾਂਤਮਈ ਮਾਰਗ ਨਾ ਤਿਆਗਿਆ। ਸਿੱਖਾਂ ਦੀ ਬਰਦਾਸ਼ਤ ਕਰਨ ਦੀ ਸਮਰੱਥਾ ਤੇ ਬਹਾਦਰੀ ਜਗਤ ਪ੍ਰਸਿੱਧ ਹੋ ਗਈ। ੧੩ ਸਤੰਬਰ ਤੋਂ ੧੭ ਨਵੰਬਰ ਤਕ ਗ੍ਰਿਫ਼ਤਾਰੀਆਂ ਜਾਰੀ ਰਹੀਆਂ। ਆਖ਼ਰ ਸਰਕਾਰ ਝੁਕ ਗਈ. ਸਿੱਖਾਂ ਦੀਆਂ ਮੰਗਾਂ ਪੂਰੀਆਂ ਹੋ ਗਈਆਂ ਅਤੇ ਮੋਰਚਾ ੧੭ ਨਵੰਬ. ੧੯੨੨ ਈ. ਨੂੰ ਸਫ਼ਲਤਾ ਸਹਿਤ ਸਮਾਪਤ ਹੋਇਆ। ਇਸ ਮੋਰਚੇ ਵਿਚ ੫੬੦੬ ਸਿੰਘਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ ਅਤੇ ਦਰਜਨ ਤੋਂ ਵੱਧ ਸਿੰਘਾਂ ਨੇ ਸ਼ਹੀਦੀਆਂ ਪਾਈਆਂ ਅਤੇ ਡੇਢ ਹਜ਼ਾਰ ਤੋਂ ਵੱਧ ਅਕਾਲੀ ਪੁਲਿਸ ਦੀਆਂ ਡਾਂਗਾਂ ਨਾਲ ਫੱਟੜ ਹੋਏ।

**ਅਗਸਤ** ੧੦ ਸ੍ਰੀ ਦਰਬਾਰ ਸਾਹਿਬ 'ਤੇ 1984 ਵਿਚ ਹਮਲਾ ਕਰਨ ਵਾਲੀ ਭਾਰਤੀ ਫ਼ੌਜ ਦੇ ਮੁਖੀ ਜਨਰਲ ਵੈਦਿਆ ਦਾ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਹੱਥੋਂ ਕਤਲ। (੧੯੯੨ ਈ.)

**ਅਗਸਤ** ੧੧ ਸਾਂਈਂ ਮੀਆਂ ਮੀਰ ਦਾ ਦਿਹਾਂਤ (੧੬੩੫ ਈ.)ਉਨ੍ਹਾਂ ਨੂੰ ਹਾਸ਼ਿਮਪੁਰ ਵਿਖੇ ਦਫ਼ਨਾਇਆ ਗਿਆ।

**ਅਗਸਤ** ੧੫ (ੳ) ੫੦੦ਸੂਰਬੀਰ ਅਕਾਲੀਆਂ ਦਾ ਦਸਵਾਂ ਸ਼ਹੀਦੀ ਜੱਥਾ ਸਰਦਾਰ ਵਿਸਾਖਾ ਸਿੰਘ ਦਫਤੂਹ (ਲਾਹੌਰ) ਦੀ ਜਥੇਦਾਰੀ ਵਿੱਚ ਜੈਤੋ ਪੁੱਜਣ ਤੇ ਗ੍ਰਿਫਤਾਰ ਕੀਤਾ ਗਿਆ।(੧੯੨੪)

(ਅ)ਹਿੰਦੂਸਤਾਨ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ (੧੯੪੭ ਈ.) ਇਕ ਪਾਕਿਸਤਾਨ ਤੇ ਦੂਜਾ ਭਾਰਤ ਕਹਿਲਾਇਆ। ਸਿੱਖਾਂ ਨੇ ਆਪਣੀ ਕਿਸਮਤ 'ਭਾਰਤ ਨਾਲ ਜੋੜੀ। ਲੱਖਾਂ ਸਿੱਖ ਸ਼ਹੀਦ ਹੋਏ। ਪਰ ਅੱਜ ਤੱਕ ਕੌਮ ਆਪਣੀ ਹੋਂਦ-ਹਸਤੀ ਤੇ ਸੁਰੱਖਿਆ ਲਈ ਐਸਾ ਵਾਤਾਵਰਣ ਕਾਇਮ ਕਰਨ ਲਈ ਜੱਦੋ-ਜਹਿਦ ਕਰਨ ਵਿਚ ਰੁੱਝੀ ਹੋਈ ਹੈ, ਜਿੱਥੇ ਸਿੱਖੀ ਬਿਨਾਂ ਰੋਕ ਵਧ-ਫੁੱਲ ਸਕੇ।

**ਅਗਸਤ** ੧੬ ੧੬੦੪ ਈ. ਨੂੰ ਇਸ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਇਆ।

**ਅਗਸਤ** ੧੭(ੳ) ੫੦੦ ਸੂਰਬੀਰਾਂ ਅਕਾਲੀਆਂ ਦਾ ਬਾਰ੍ਹਵਾਂ ਸ਼ਹੀਦੀ ਜੱਥਾ ਸਰਦਾਰ ਸੁੱਚਾ ਸਿੰਘ ਮੋਗਾ ਦੀ ਜਥੇਦਾਰੀ ਵਿੱਚ ਸ੍ਰੀ ਅੰਮ੍ਰਿਤਸਰ ਤੋਂ ਜੈਤੋ ਨੂੰ ਰਵਾਨਾ ਹੋਇਆ (੧੯੨੪)

(ਅ) ਗੁਰੂ ਰਾਮ ਦਾਸ ਸਰਾਂਅ, ਸ੍ਰੀ ਅੰਮ੍ਰਿਤਸਰ ਦੀ ਨੀਂਹ ਰੱਖੀ ਗਈ( ੧੯੩੧)

**ਅਗਸਤ** ੨੬ (ੳ) ਪਿਆਰੇ ਭਾਈ ਦਇਆ ਸਿੰਘ ਦਾ ਜਨਮ ਲਾਹੌਰ ਨਿਵਾਸੀ ਭਾਈ ਸੁਧਾ ਖੱਤਰੀ ਦੇ ਘਰ ਮਾਤਾ ਦਿਆਲੀ ਦੀ ਕੁੱਖ ਤੋਂ ੧੬੬੯ ਈ. ਵਿਚ ਹੋਇਆ। ੧੬੯੯ ਈ. ਵਿਸਾਖੀ ਵਾਲੇ ਦਿਨ ਦਸਮੇਸ਼ ਪਿਤਾ ਦੇ ਸੀਸ ਮੰਗਣ 'ਤੇ ਸਭ ਤੋਂ ਪਹਿਲਾਂ ਉਨ੍ਹਾਂ ਹੀ ਸੀਸ ਭੇਟ ਕੀਤੀ ਸੀ। ਅੰਮ੍ਰਿਤ ਛਕ

(ਬਾਕੀ ਪੰਨਾ ੧੫ ਤੇ ..)



www.AKJ.Org

# ਸਲੋਕ ਭਗਤ ਕਬੀਰ ਜੀਉ ਕੇ

(Translated By Jaspinder Singh)

ਕਬੀਰਾ ਰਾਮੁ ਨ ਚੇਤਿਓ ਜਰਾ ਪਹੂੰਚਿਓ ਆਇ॥ ਲਾਗੀ ਮੰਦਿਰ ਦੁਆਰ ਤੇ ਅਬ ਕਿਆ ਕਾਢਿਆ ਜਾਇ॥੧੩੨॥

Slok No.132 : O' Kabir! A mortal loses the opportunity of human life for Nam-devotion. Indulging in worldly attachment all along and passing through old age, it is too late for a change of heart now. It is like the onset of house -fire from the exit side, when it becomes extremely difficult to save anything.-132

ਕਬੀਰ ਕਾਰਨੁ ਸੋ ਭਇਓ ਜੋ ਕੀਨੋ ਕਰਤਾਰਿ॥ ਤਿਸੁ ਬਿਨੁ ਦੂਸਰੁ ਕੋ ਨਹੀ ਏਕੈ ਸਿਰਜਨਹਾਰੁ॥੧੩੩॥

Slok No. 133 : O' Kabir! Whatever comes to pass is the Will- Divine. But for the creator Lord there is none other besides.-133

ਕਬੀਰ ਫਲ ਲਾਗੇ ਫਲਨਿ ਪਾਕਨਿ ਲਾਗੇ ਆਂਬ॥ ਜਾਇ ਪਹੂਚਹਿ ਖਸਮ ਕਉ ਜਉ ਬੀਚਿ ਨ ਖਾਹੀ ਕਾਂਬ॥੧੩੪॥

Slok No. 134 : O' Kabir! The mango tree had started bearing fruit and it is ripening. However the fruits that are not affected by the winds to hamper their growth only reach the lord. This is symbolic of the human life that is subject to strong gusty winds of worldly evils that may keep mortals away from God-Realization.-134

ਕਬੀਰ ਠਾਕੁਰੁ ਪੂਜਹਿ ਮੋਲਿ ਲੇ ਮਨਹਠਿ ਤੀਰਥ ਜਾਹਿ॥ ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ॥੧੩੫॥

Slok No. 135 : O'Kabir! Those who worship the purchased idols and proceed for pilgrimage merely act to win public acclaim through performance of rituals and are not moved by any Love-Divine. They stay from the path of true Nam-Devotion and attaining real bliss.-135

ਕਬੀਰ ਪਾਹਨੁ ਪਰਮੇਸੁਰੁ ਕੀਆ ਪੂੰਜੈ ਸਭੁ ਸੰਸਾਰੁ॥ ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ॥੧੩੬॥

Slok No. 136 : O' Kabir! Considring a stone to be Lord Supreme, those who worship the stone get drowned in deep water of spiritual ignorance instead of any gain.-136

ਕਬੀਰ ਕਾਗਦ ਕੀ ਓਬਰੀ ਮਸੁ ਕੇ ਕਰਮ ਕਪਾਟ॥ ਪਾਹਨ ਬੋਰੀ ਪਿਰਥਮੀ ਪੰਡਿਤ ਪਾੜੀ ਬਾਟ॥੧੩੭॥

Slok No.137 : O' Kabir! The Vedas are like the paper dungeons and their writings are the formidable gates. The idols of stone kept in this prison have drowned the mortals in the worldly ocean. The Pandits loot them by demanding offering and extracting money.-137

ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ॥ ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ॥੧੩੮॥

Slok No.138 : O' Kabir! Defer not Godly devotion and take it up straight away. Delving in postponement, the short life will pass away in vain and there shall come the death call.-138

ਕਬੀਰ ਐਸਾ ਜੰਤੁ ਇਕੁ ਦੇਖਿਆ ਜੈਸੀ ਧੋਈ ਲਾਖ॥ ਦੀਸੈ ਚੰਚਲੁ ਬਹੁ ਗੁਨਾ ਮਤਿ ਹੀਨਾ ਨਾਪਾਕ॥੧੩੯॥

Slok No. 139 : O' Kabir! I met a person in holy garb and well versed with scriptures, who appeared highly virtuous, yet devoid of Nam-devotion and love Divine he was like the shinning shellac. He was in fact without spiritual wisdom and malicious.-139

ਕਬੀਰ ਮੇਰੀ ਬੁਧਿ ਕਉ ਜਮੁ ਨ ਕਰੈ ਤਿਸਕਾਰ॥ ਜਿਨਿ ਇਹੁ ਜਮੂਆ ਸਿਰਜਿਆ ਸੁ ਜਪਿਆ ਪਰਵਿਦਗਾਰ॥੧੪੦॥

Slok No.140 : O' Kabir! With Guru's grace I have attained divine wisdom and even the angel of death cannot ill-treat me. I have meditated upon the Lord, who is the creater of the angel of death.-140

ਕਬੀਰੁ ਕਸਤੂਰੀ ਭਇਆ ਭਵਰ ਭਏ ਸਭ ਦਾਸ॥ ਜਿਉ ਜਿਉ ਭਗਤਿ ਕਬੀਰ ਕੀ ਤਿਉ ਤਿਉ ਰਾਮ ਨਿਵਾਸ॥੧੪੧॥

Slok No. 141 : O' Kabir! I have become like the fragrant musk and all the divine devotees are like bumble-bees gathering around. More the Nam-Devotion, more the Godly Presence in heart.- 141

(To be Continued)



www.AKJ.Org

## ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਲੜੀ ਜੋੜਨ ਲਈ ਸੂਰਾ ਜੁਲਾਈ ੨੦੦੦ ਦੇਖੋ

### ੨੯ -ਗੁਰਮੁਖਿ ਕਰਮ ਪਰਧਾਨ

ਪ੍ਰਾਨੀ ਕਉਨੁ ਉਪਾਉ ਕਰੈ॥
ਜਾ ਤੇ ਭਗਤਿ ਰਾਮ ਕੀ ਪਾਵੈ ਜਮ ਕੋ ਤ੍ਰਾਸੁ ਹਰੈ॥੧॥ ਰਹਾਉ॥
ਕਉਨੁ ਕਰਮ ਬਿਦਿਆ ਕਹੁ ਕੈਸੀ ਧਰਮੁ ਕਉਨੁ ਫੁਨਿ ਕਰਈ॥
ਕਉਨੁ ਨਾਮੁ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਤਰਈ॥੧॥
ਕਲ ਮੈ ਏਕੁ ਨਾਮੁ ਕਿਰਪਾਨਿਧਿ ਜਾਹਿ ਜਪੈ ਗਤਿ ਪਾਵੈ॥
ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ॥੨॥
ਸੁਖੁ ਦੁਖੁ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ॥
ਸੋ ਤੁਮਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ ॥੩॥੫॥

(ਸੋਰਠਿ ਮ: ੯. ਪੰਨਾ ੬੩੨)

ਵਿਆਖਿਆ :- ਜਮ ਦਾ ਤ੍ਰਾਸ ਹਰਨ ਵਾਲੀ ਭਗਤੀ ਦੀ ਪ੍ਰਾਪਤੀ ਲਈ ਪ੍ਰਾਣੀ ਨੂੰ ਕਿਹੜਾ ਉਪਰਾਲਾ ਕਰਨਾ ਉਚਿਤ ਹੈ ? ਐਸਾ ਕਿਹੜਾ ਕਰਮ ਅਤੇ ਕਿਸ ਪਰਕਾਰ ਦੀ ਵਿਦਿਆ ਅਤੇ ਕਿਹੜਾ ਧਰਮ ਪ੍ਰਾਣੀ ਨੂੰ ਕਰਨਾ ਲੋੜੀਂਦਾ ਹੈ ਅਤੇ ਕਿਹੜਾ ਮੁਖ ਨਾਮ ਹੈ ਜਿਸ ਦੇ ਸਿਮਰਨ ਕੀਤਿਆਂ ਭਉ ਸਾਗਰ ਤੋਂ ਤਰ ਜਾਈਦਾ ਹੈ ? ਏਹਨਾਂ ਪਿਛਲੇ ਪ੍ਰਸ਼ਨਾਂ ਦਾ ਉਤਰ ਹੈ ਕਿ ਕਲਜੁਗ ਵਿਖੇ ਕਿਰਪਾ ਦਾ ਨਿਧਾਨ ਇਕੋ ਹੀ ਗੁਰਮਤਿ ਨਾਮ ਸੱਚ ਨਿਧਾਨ ਹੈ ਜੋ ਕੇਵਲ ਗੁਰ ਪ੍ਰਸਾਦਿ ਗੁਰੂ ਦੀ ਕਿਰਪਾ ਦੁਆਰਾ ਹੀ ਮਿਲਦਾ ਹੈ, ਜਿਸ ਦੇ ਜਪਿਆਂ ਤੱਤ ਕਲਿਆਨ ਗਤਿ ਹੁੰਦੀ ਹੈ। ਹੋਰ ਕੋਈ ਧਰਮ ਉਸ ਗੁਰਮਤਿ ਨਾਮ ਸਿਮਰਨ ਦੇ ਤੁਲ ਨਹੀਂ। ਇਸ ਬਿਧਿ ਗੁਰਮਤਿ ਗਿਆਨ ਪ੍ਰਚੰਡ ਰੂਪੀ ਸੱਚੇ ਬੇਦ ਤੋਂ ਸੱਚੇ ਗਿਆਤ ਹੋਈ ਹੈ ਕਿ ਗੁਰਮਤਿ ਨਾਮ ਦੇ ਤੁਲਿ ਹੋਰ ਕੋਈ ਧਰਮ ਨਹੀਂ, ਨਾ ਕੋਈ ਧਰਮ ਹੈ ਜੋ ਵਾਸਤਵ ਵਿਚਿ ਕਲਿਆਨਕਾਰੀ ਹੈ। ਅਨਮਤ ਚਾਰੇ ਬੇਦਾਂ ਨੂੰ ਇਸ ਗੁਰਮਤਿ ਨਾਮ ਦੀ ਗਿਆਤ ਨਹੀਂ। ਗਿਆਤ ਹੈ ਤਾਂ ਗੁਰਬਾਣੀ ਰੂਪ ਵਿਚਿ ਦਰਸਾਏ ਗੁਰ ਗਿਆਨ ਗੰਮਤੀ ਸੱਚੜੇ ਬੇਦ ਨੂੰ ਹੀ ਗਿਆਤ ਹੈ। ਹੋਰ ਬੇਦ ਤਾਂ ਤ੍ਰੈਗੁਣਾਂ ਦੀ ਵਿਸਥਾਰਕ ਮਾਇਆ-ਮਈ ਗਿਆਤ ਹੀ ਕਮਾਉਂਦੇ ਹਨ। ਇਸ ਇਕੋ ਇਕ ਨਾਮ ਦੀ ਗਿਆਤ, ਸੱਚੁ ਗਿਆਨ ਪ੍ਰਚੰਡਨੀ ਗਿਆਤ ਕੇਵਲ ਵੇਦਾਂ ਸਿਰ ਤੱਤ ਵੇਦ ਗੁਰਮਤਿ ਦ੍ਰਿਸ਼ਟਾਏ ਵੇਦ ਨੂੰ ਹੀ ਹੈ। ਕਲਿਆਨ-ਕਾਰਕ ਨਾਮ ਕੇਵਲ ਇਕੋ ਨਾਮ ਹੈ ਜੋ ਕੇਵਲ ਗੁਰਪ੍ਰਸਾਦਿ ਕਰਿ ਗੁਰ-ਦੀਖਿਆ ਸਮੇਂ ਅਧਿਕਾਰੀ ਜਨ ਨੂੰ ਮਿਲਦਾ ਹੈ। ਗੁਰੂ ਸੰਰੂਪ ਪੰਜਾਂ ਪਿਆਰਿਆਂ ਦੁਆਰਾ ਇਸ ਦਾ ਭੇਦ ਕੇਵਲ ਗੁਰ-ਗਿਆਨ ਪ੍ਰਸਾਦਿ ਗੰਮਤਾ ਵਿਚਿ ਹੈ। ਗੁਪਤੋ ਗੁਪਤੀ ਸੀਨਾ-ਬਸੀਨਾ ਦੀਖਿਅਤ ਚਲਿਆ ਆਉਂਦਾ ਹੈ। ਜਿਹੜੇ ਚੁੰਚ ਗਿਆਨੀ ਇਉਂ ਆਖਦੇ ਹਨ ਕਿ ਭਾਵੇਂ ਕੋਈ ਨਾਮ ਜਪ ਲਵੋ ਸੋਈ ਪਰਵਾਨ ਹੈ, ਓਹ ਗ਼ਲਤ ਆਖਦੇ ਹਨ। ਇਸ ਗੁਰਵਾਕ ਦੁਆਰਾ ਇਹ ਗੱਲ ਸਪਸ਼ਟ ਹੋ ਗਈ ਕਿ *"ਕਲਿ ਮਹਿ ਏਕ ਨਾਮ"* ਕੇਵਲ ਇਕੋ ਹੀ ਗੁਰਮਤਿ ਨਾਮ ਹੈ, ਜੋ ਆਤਮ-ਪਰਮਾਤਮ ਗਿਆਨ-ਗੰਮਤਾ ਦੀ ਕੁੰਜੀ ਹੈ, ਗੁਰੂ ਹੈ। ਇਹੀ ਮੁਖ ਕੁੰਜੀ ਰੂਪੀ ਮੁਖੀ ਗੁਰ ਹੀ ਨਾਮ ਹੈ। ਹੋਰ ਸਭ ਕਿਰਤਮ ਨਾਮ ਹਨ। ਸਤਿ ਹੈ ਤਾਂ ਕੇਵਲ ਏਕੋ ਨਾਮ, ਗੁਰਮਤਿ ਨਾਮ, ਗੁਰ-ਗਿਆਨ ਗੰਮਤੀ ਨਾਮੁ ਹੀ ਹੈ ਜਿਸ ਨੂੰ ਸਪਸ਼ਟ ਸੰਭਾਖਣ ਦੀ ਆਗਿਆ ਗੁਰ-ਦੀਖਿਆ ਦੇਣ ਸਮੇਂ ਗੁਰ-ਦੀਖਿਆ ਦੇਣਹਾਰੇ ਪੰਚ ਪਰਵਾਨ ਪੰਚ ਪਰਧਾਨ ਗੁਰ ਪਿਆਰਿਆਂ ਨੂੰ ਹੀ ਹੈ, ਹੋਰ ਕਿਸੇ ਨੂੰ ਨਹੀਂ। ਨਿਸ਼ਾਨੀ ਦੇ ਤੌਰ ਤੇ ਗੁਰਮਤਿ ਨਾਮ ਨੂੰ ਸਪਸ਼ਟਾਉਣਾ, ਪ੍ਰਗਟ ਕਰਨਾ ਗੁਣਕਾਰੀ ਨਹੀਂ। ਗੁਰੂ ਨਾਨਕ ਦਸਮੇਸ਼ ਜੀ ਭੀ ਇਸ ਗੁਰਵਾਕ ਅੰਦਰ ਗੁਰਮਤਿ ਨਾਮ ਦੀ ਬੁਝਾਰਤ ਵਲ ਇਸ਼ਾਰਾ ਹੀ ਕਰਿ ਗਏ ਹਨ ਜਿਸ ਨੂੰ ਗੁਰ-ਦੀਖਿਅਤ ਗੁਰਮੁਖ ਅੰਮ੍ਰਿਤਧਾਰੀ ਗੁਰਸਿਖ ਹੀ ਸਮਝਦੇ



www.AKJ.Org

ਹਨ। ਬਸ, ਇਹੀ ਏਕੋ ਗੁਰਮਤਿ ਨਾਮ ਕਰਮਨ ਸਿਰ ਕਰਮ ਹੈ ਅਤੇ ਧਰਮਨ ਸਿਰਿ ਧਰਮ ਹੈ। ਸਾਰੀ ਗੁਰਮਤਿ ਕਰਮ ਫ਼ਿਲਾਸਫ਼ੀ ਇਸ ਏਕੋ ਨਾਮ ਦੀ ਕਰਮ ਕਮਾਈ ਵਿਚਿ ਹੀ ਬੁਝਾਰਤੀ ਪਈ ਹੈ। ਨਿਰਗੁਣ ਨਿਰੰਕਾਰ ਨਿਰੰਜਨ ਗੁਸਾਈਂ ਜੋ ਸਭਨਾ ਘਟਾਂ ਅੰਦਰਿ ਵਿਆਪਕ ਹੋ ਕੇ ਵਰਤਦਾ ਹੈ ਅਤੇ ਜੋ ਦੁਖ ਸੁਖ ਰਹਿਤ ਨਿਰਲੇਪਤਾ ਵਾਲੀ ਸਰਬਗਤਾ ਪੂਰਤ ਹੈ, ਓਹ ਕੇਵਲ ਇਕੋ ਇਕ ਗੁਰਮਤਿ ਨਾਮ ਅਭਿਆਸ ਕਰਮ ਕਮਾਈ ਕਰਿ ਘਟ ਅੰਤਰਿ ਹੀ ਗੁਪਤੋਂ ਪਰਗਟ ਹੁੰਦਾ ਹੈ। ਇਹ ਗੁਰਮਤਿ ਨਾਮ ਦਰਸ਼ਨ ਦਰਪੰਨੀ ਨਾਮ ਹੈ। ਨਿਰੰਕਾਰ ਦਾ ਦਰਸ਼ਨ ਦਰਸਾਉਣ ਹਿਤ ਇਹ ਨਾਮ ਦਰਪਨ ਦੀ ਨਿਆਈਂ ਹੈ। ਨਾਮੀ ਅਕਾਲ ਪੁਰਖ ਭੀ ਦਰਪਨ ਦੀ ਨਿਆਈਂ ਦਰਸ਼ਨ-ਦਰਪੰਨ ਹੋ ਕੇ ਨਾਮ ਅਭਿਆਸੀ ਗੁਰਮੁਖਿ ਪਰਧਾਨ-ਕਰੰਮੀਆ ਨੂੰ ਆਸ਼ਿਕਾਰ ਹੁੰਦਾ ਹੈ, ਹੋਰ ਕਿਸੇ ਨੂੰ ਨਹੀਂ। ਇਹੀ ਨਾਮ ਨਿਰੰਜਨਾ ਭਉ ਸਾਗਰੋਂ ਪਾਰ ਉਤਾਰਨਹਾਰਾ ਹੈ। ਯਥਾ —

ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ
ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ॥
ਜਿਨ ਕੈ ਪੋਤੈ ਪੁੰਨੁ ਹੈ ਸੇ ਗੁਰਮੁਖਿ ਸਿਖ ਗੁਰੂ ਪਹਿ ਜਾਤੇ॥ ੧੬॥

(ਵਾਰ ਸੋਰਠਿ ਮ: ੩, ਪੰਨਾ ੬੪੮)

ਭਾਵਾਰਥ–ਤਿਨ੍ਹਾਂ ਜਨਾਂ ਦੇ ਕੀਤੇ ਕਰਮ ਧਰਮ ਕਾਰਜ ਸਾਰੇ ਹੀ ਪਵਿਤਰ ਪਾਵਨ ਹੋ ਜਾਂਦੇ ਹਨ ਜੋ ਹਰ ਛਿਨ ਸੁਆਸਿ ਸੁਆਸਿ ਗੁਰਮਤਿ ਨਾਮ ਦਾ ਅਭਿਆਸ ਕਰੀ ਹੀ ਜਾਂਦੇ ਹਨ। ਇਹ ਸੁਆਸ-ਗਿਰਾਸੀ ਨਾਮ-ਜਪਣ ਦੀ ਜੁਗਤੀ ਤਿਨ੍ਹਾਂ ਨੂੰ ਹੀ ਪ੍ਰਾਪਤਿ ਹੁੰਦੀ ਹੈ ਜਿਨ੍ਹਾਂ ਦੇ ਵਡੇ ਭਾਗਾਂ ਵਿਚਿ ਗੁਰੂ ਦੇ ਸਿਖ ਬਣਨਾ ਲਿਖਿਆ ਹੋਇਆ ਹੈ ਅਤੇ ਗੁਰੂ ਦੇ ਸਿਖ ਬਣ ਕੇ ਗੁਰੂ ਸਤਿਗੁਰੂ ਸੱਚੇ ਗੁਰ ਨਾਨਕ ਪਾਸੋਂ ਗੁਰ-ਦੀਖਿਆ ਲਈ ਹੈ। ਗੁਰੂ ਸਰੂਪ ਪੰਜ ਪਿਆਰਿਆਂ ਦੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਸ਼ਰਨਾਗਤਿ ਜਾ ਕੇ ਜੋ ਗੁਰ-ਦੀਖਿਆ ਲੈਂਦੇ ਹਨ ਤਿਨ੍ਹਾਂ ਨੂੰ ਹੀ ਗੁਰਮਤਿ ਨਾਮ ਦੀ ਪ੍ਰਾਪਤੀ ਹੁੰਦੀ ਹੈ। ਤਿਨ੍ਹਾਂ ਦਾ ਇਕੋ ਗੁਰਮਤਿ ਨਾਮ ਦਾ ਅਭਿਆਸ ਰੂਪੀ ਕਰਮ ਉਸ ਅਭਿਆਸੀ ਜਨ ਦੇ ਸਰਬਤ੍ਰ ਕਰਮਾਂ ਨੂੰ ਪਵਿਤਰ ਪਾਵਨ ਕਰ ਦਿੰਦਾ ਹੈ। ਸੱਚੇ ਕੈਰਮ-ਗਿਆਨੀ, ਗੁਰ-ਗਿਆਨ ਗੰਮਤੀ ਕਰਮਾਚਾਰੀ ਨਾਮ ਅਭਿਆਸਕਾਰੀ ਦੇ ਕਮਾਤੇ ਜਿਹੜੇ ਭੀ ਕਰਮ ਧਰਮ ਹੈਨ ਸਭ ਗੁਰਮਤਿ-ਨਾਮ ਪਰਾਇਣੀ ਹੀ ਹਨ, ਕੋਈ ਬਿਪਰਜੇ ਕਰਮ ਧਰਮ ਤਿਨ੍ਹਾਂ ਤੇ ਹੁੰਦਾ ਹੀ ਨਹੀਂ। ਕਰਮ ਧਰਮ ਕਾਰਜ ਹੁੰਦੇ ਹਨ, ਇਸ ਕਰਕੇ ਪਰਮ ਪਵਿਤਰਤਾ ਵਾਲੀ ਲਾਈਟ (ਰੌਸ਼ਨੀ) ਹੀ ਤਿਨ੍ਹਾਂ ਅੰਦਰਿ ਲਸ ਲਸ ਕਰਦੀ ਹੈ। ਨੁਕਤੇ ਨੁਕਤੇ ਵਿਚੋਂ ਉਭਰਦੀ ਹੈ।

ਸਰਬ ਮਨੋਰਥ ਰਾਜ ਸੂਖ ਰਸ ਸਦ ਖੁਸੀਆ ਕੀਰਤਨੁ ਜਪਿ ਨਾਮ॥
ਜਿਸੁ ਕੈ ਕਰਮਿ ਲਿਖਿਆ ਧੁਰਿ ਕਰਤੈ ਨਾਨਕ ਜਨ ਕੇ ਪੂਰਨ ਕਾਮ॥

॥੨॥੨੦॥੫੧॥(ਧਨਾਸਰੀ ਮ: ੫, ਪੰਨਾਂ ੬੮੩)

ਵਿਆਖਿਆ – ਗੁਰਮਤਿ ਨਾਮ ਅਭਿਆਸ ਰੂਪੀ ਮੁਖ ਪ੍ਰਧਾਨ ਕਰਮ ਤਿਨ੍ਹਾਂ ਖਾਸ ਖਾਲਸੇ ਗੁਰਮੁਖਿ ਜਨਾਂ ਨੂੰ ਹੀ ਮਿਲਦਾ ਹੈ ਜਿਨ੍ਹਾਂ ਦੇ ਮਸਤਕਿ ਵਿਖੇ ਧੁਰੋਂ ਹੀ ਇਹ ਲਿਖਤ ਲਿਲਾਟੀ ਕਰਮ ਉਕਰਿਆ ਹੋਇਆ ਹੁੰਦਾ ਹੈ। ਤਿਸ ਗੁਰਮੁਖਿ ਪਰਸਾਦ-ਕਰੰਮੀ ਪਰਵਾਨ ਪਏ ਹੋਏ ਪੁਗ ਚੁਕੇ ਨਾਮ ਅਭਿਆਸੀ ਜਨਾਂ ਦੇ ਸਰਬ ਮਨੋਰਥ ਰਾਜ ਸੁਖ ਰਸ ਨਾਮ ਅਭਿਆਸ ਦੀ ਖੁਣੀ ਖੁਮਾਰੀ ਵਿਗਾਸ ਉਤਰਾਉ ਵਿਚ ਹੀ ਸਫੁਟ ਹੋ ਕੇ ਪੈਂਦੇ ਹਨ। ਨਾਮ-ਵਿਗਾਸੀਆ ਨੂੰ ਕੀਰਤਨ ਵਿਚਿ ਓਹਨਾ ਦੀਆਂ ਸਾਰੀਆ ਆਤਮ-ਖੁਮਾਰੀ ਵਾਲੀਆਂ ਖੁਸ਼ੀਆ ਡੁਲ੍ਹ ਡੁਲ੍ਹ ਪੈਂਦੀਆਂ ਹਨ। ਨਾਮ ਰੰਗਾਂ ਵਿਚਿ ਤਿਨ੍ਹਾਂ ਦਾ ਕੀਰਤਨ ਕੀਤਾ, ਕੀਰਤਨ ਰੰਗਾਂ ਵਿਚਿ ਤਿਨ੍ਹਾਂ ਦਾ ਨਾਮ ਜਪਿਆ ਇਕ ਤਿਲਸਮੀ ਕਰਾਮਾਤ ਹੀ ਰਖਦਾ ਹੈ, ਇਕ ਪਾਰਸ ਕ੍ਰਿਸ਼ਮੀ ਮੁਅਜਜ਼ਾ ਹੀ ਦਰਸਾਉਂਦਾ ਹੈ। ਇਸ ਮੁਅਜਜ਼ਾਣੀ ਪਾਰਸ ਤਿਲਸਮਣੀ ਅਭਿਆਸ ਕਰਮ ਦੀ ਪਰਧਾਨਤਾ ਵਿਚਿ ਉਸਦੇ ਸਰਬ ਸਮੂਚੇ ਕਰਮ ਧਰਮ ਸਫਲ ਸੁਲੱਖਣੇ ਹੋ ਜਾਂਦੇ ਹਨ ਅਤੇ ਅਗਾਧ ਸੁਪਰਸੰਨਤਾ ਅਫ਼ਰੀਨੇ (ਦੇਣ ਵਾਲੇ) ਹੁੰਦੇ ਹਨ। ਅਪਾਰ ਖੁਸ਼ੀਆਂ ਡਾਢੀਆਂ ਡੀਲਾਈਟਾਂ (delidhts) ਵਾਲੇ ਹੁੰਦੇ ਹਨ।

(ਬਾਕੀ ਪੰਨਾ ੨੮ ਤੇ ..)



www.AKJ.Org

# OPEN LETTER TO THE SIKH SANGAT AND THE RSS

WAHEGURU JI KA KHALSA !
WAHEGURU JI KE FATEH !

In response to recent events, we have felt it necessary to make following statement to the Sikh Sangat.

"Today Sikh identity and philosophy is being attacked by a Hindu fundamentalist and fanatic group, which is attempting to parade itself as a Sikh Sangat. The challenge of the RSS is nothing new. They have not uncovered new evidence either have they adopted a new philosophy. The RSS is just a re-packaged and re-marketed version of the Arya Samaj. During the early 1900's, the Arya Samaj was making the same statements, and attempting to merge the Sikhs into Hinduism. Today, the Sikh Nation needs to be vigilant, and not allow itself to become complacent. Subtle influences of Brahminism, have damaged the Sikh Nation greatly, especially in the form of caste and rituals, etc., which should have no place in Sikhism. We must not allow ourselves to become confused by them, instead we must reach for love and beauty of Gurmat, and become part of the Khalsa Nation. **We are, and always have been a distinct and unique Nation, whose philosophy was gifted to Sahib Siri Guru Nanak Dev Ji Maharaj from Waheguru (God).**

We call upon the Sikh Sangat to rise to this challenge in the same way as when the Arya Samaj tried to attack Sikh philosophy. The Sikh Nation responded by coming together. Visionary Gursikhs appeared from this Sangat, and created the Singh Sabha Movement. The Singh Sabha Movement defeated the Arya Samaj, by proving to the entire world that Sikhs are a separate, distinct and unique Nation, and not part of Hinduism. Today, the entire world accepts Sikhism as a distinct and unique religion.

It is essential that the RSS is banned from the Khalsa Panth via the Akal Takht, to ensure that there is no confusion between Sikhs. We must realise that the RSS is not a friend of Khalsa Panth. We call upon the Jathedar of Siri Akal Takht Sahib to take this action.

The Khalsa Spirit is ever present in the Panth. It will always rise and overcome the challenges set before it. Our generation is now going to create a new Singh Sabha Movement, which will not only defeat the anti-sikh thoughts of RSS, but will also educate the Sikh Nation, so that all traces of Hinduism are eradicated from it.

Have faith in Guru Maharaj (Shabad Guru) for this is His will (Bhana). This is a catalyst which will unify, and purify us. This will make our Nation stronger. Victory will be to Waheguru, and it will be in the form of the Khalsa."

**AKHAND KIRTANI JATHA (U.K)**



www.AKJ.Org

ਸੂਰਾ ਵਾਸਤੇ ਚੰਦੇ ਤੇ ਹੋਰ ਰਕਮਾਂ ਹੇਠ ਲਿਖੀਆਂ ਥਾਵਾਂ ਤੇ ਜਮ੍ਹਾਂ ਕਰਵਾ ਕੇ ਰਸੀਦ ਲਓ ਜੀ।

1. ਲੁਧਿਆਣਾ: (ੳ) ਮੁੱਖ ਦਫ਼ਤਰ ਸੂਰਾ, ਕੋਠੀ ਨੰ: 12, ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
(ਅ) ਸਬ-ਆਫਿਸ ਸੂਰਾ ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ। ਫੋਨ 428194
(ੲ) ਭਾਈ ਭੁਪਿੰਦਰ ਪਾਲ ਸਿੰਘ ਜੀ, ਪ੍ਰੀਤ ਸਿਲੈਕਸ਼ਨ, ਸ਼ਾਹਪੁਰ ਰੋਡ, ਨੇੜੇ ਸੁਭਾਨੀ ਬਿਲਡਿੰਗ, ਲੁਧਿਆਣਾ, ਫੋਨ 730604
(ਸ) ਸ: ਇਕਬਾਲ ਸਿੰਘ ਜੀ ਖਾਲਸਾ ਸ਼ਾਲਜ਼ ਮੋਚਪੁਰਾ ਬਜ਼ਾਰ, ਲੁਧਿਆਣਾ।
(ਹ) ਸ: ਅਜੀਤ ਸਿੰਘ 17/5 ਪਾਵਰ ਕਲੋਨੀ ਸਰਾਭਾ ਨਗਰ ਟੈਲੀਫੋਨ 458644, 459701

2. ਫਗਵਾੜਾ: ਮਾਸਟਰ ਗੁਰਦਿਆਲ ਸਿੰਘ ਜੀ, ਵਿਸ਼ਵਕਰਮਾ ਕਲੋਨੀ, ਨੇੜੇ ਵਿਸ਼ਵਕਰਮਾ ਮੰਦਰ, ਬੰਗਾ ਰੋਡ, ਫਗਵਾੜਾ। ਟੈਲੀਫੋਨ 68307

3. ਚੰਡੀਗੜ੍ਹ,ਮੋਹਾਲੀ: ਭਾਈ ਫੌਜਿੰਦਰ ਸਿੰਘ ਜੀ 532/3-ਏ, ਮੋਹਾਲੀ। ਟੈਲੀਫੋਨ : 260569

4. ਕਪੂਰਥਲਾ: ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।

5. ਖਰੜ, ਮੋਰਿੰਡਾ: ਭਾਈ ਅਜੀਤ ਸਿੰਘ ਜੀ, ਮਕਾਨ ਨੰ 214, ਵਾਰਡ ਨੰ 4, ਚੰਡੀਗੜ੍ਹ ਰੋਡ, ਮੁੰਡੀ ਖਰੜ। ਟੈਲੀ: 01888-46036

6. ਪਟਿਆਲਾ: 1. ਸੰਦੀਪ ਪਾਲ ਸਿੰਘ S/o ਸ: ਰਵੇਲ ਸਿੰਘ 654/3 ਖਾਲਸਾ ਮੁਹੱਲਾ ਧਰਮਪੁਰਾ ਬਜ਼ਾਰ ਪਟਿਆਲਾ ਟੈਲੀ. 228703
2. ਸੁਲੱਖਣ ਸਿੰਘ ਖਾਲਸਾ ਨਿਸ਼ਾਨ ਸਟੋਰ ਦੁਕਾਨ ਨੰ 14/15 ਗੁ ਦੁਖ ਨਿਵਾਰਨ ਬਜ਼ਾਰ ਪਟਿਆਲਾ ਟੈਲੀ. 361415

7. ਅੰਮ੍ਰਿਤਸਰ: 1. ਭਾਈ ਸਤਨਾਮ ਸਿੰਘ ਜੀ, ਪਿੰਡ ਚਾਚੋਵਾਲੀ, ਡਾਕਖਾਨਾ ਜੈਂਤੀਪੁਰਾ।
2. ਭਾਈ ਭੁਪਿੰਦਰ ਸਿੰਘ ਜੀ ਖਾਲਸਾ, 4969 ਅਜ਼ਾਦ ਨਗਰ, ਨੇੜੇ ਟਿਊਬਵੈਲ, ਤਾਰਾ ਸਿੰਘ ਕੋਟ ਖਾਲਸਾ, ਅੰਮ੍ਰਿਤਸਰ।

8. ਜਲੰਧਰ: ਸ: ਹਰਜੀਤ ਸਿੰਘ ਬੈਂਕ ਆਫ਼ ਇੰਡੀਆ ਸਤਲੁਜ ਮਾਰਕੀਟ ਨੇੜੇ ਬਸ ਸਟੈਂਡ ਜਲੰਧਰ ਸ਼ਹਿਰ ਫੋਨ :462065

9. ਯਮੁਨਾਨਗਰ: ਭਾਈ ਇਕਬਾਲ ਸਿੰਘ ਜੀ, 536-ਲੋਹਾਰਾ ਗਲੀ, ਜਗਾਧਰੀ। ਫੋਨ 47341

10. ਫਿਰੋਜ਼ਪੁਰ: ਭਾਈ ਬਲਵਿੰਦਰ ਸਿੰਘ, ਹਾਤਾ ਨੰ: 48, ਬਜ਼ਾਰ ਨੰ: 1, ਫਿਰੋਜ਼ਪੁਰ ਛਾਉਣੀ।

11. ਪਠਾਨਕੋਟ: ਸ: ਹਰਭਜਨ ਸਿੰਘ M.E.S. ਪਠਾਨਕੋਟ।

12. ਅੰਬਾਲਾ: 1. ਭਾਈ ਮਨੋਹਰ ਸਿੰਘ ਜੀ ਪਿੰਡ ਤੇ ਡਾਕਖਾਨਾ ਨਸਰਾਲੀ ਵਾਇਆ ਜਤਵਾੜ ਅੰਬਾਲਾ ਸ਼ਹਿਰ।
2. ਭਾਈ ਭਗਵਾਨ ਸਿੰਘ ਵੈਦ 10 ਵੀਟਾ ਐਨਕਲੇਵ ਨੇੜੇ ਮਿਲਕ ਪਲਾਂਟ ਬਲਦੇਵ ਨਗਰ ਅੰਬਾਲਾ ਸ਼ਹਿਰ
3. ਸ: ਮਲਕੀਤ ਸਿੰਘ ਮਾਰਫਤ ਸ: ਕਲਾਥ ਹਾਊਸ ਪਿੰਡ ਨਨਹੇੜਾ ਡਾ: ਕੁਲਦੀਪ ਨਗਰ ਅੰਬਾਲਾ

13. ਬਠਿੰਡਾ: ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ 7819, ਨੇੜੇ ਡੰਗਰਾਂ ਦਾ ਹਸਪਤਾਲ । ਫੋਨ : 217743

14. ਧੂਰੀ: ਮਾਸਟਰ ਹਰਭਜਨ ਸਿੰਘ ਜੀ, ਜਨਤਾ ਨਗਰ, ਨੇੜੇ ਵੀਨਸ ਗੈਸ ਏਜੰਸੀ, ਧੂਰੀ। ਫੋਨ ੨੧੨੫੩

15. ਸਰਹੰਦ: ਸ: ਰੁਪਿੰਦਰ ਸਿੰਘ ਜੀ, ਨੇੜੇ ਭਾਰਤ ਪੈਟਰੋਲੀਅਮ ਗੈਸ ਗੋਦਾਮ, ਸਿਨੇਮਾ ਰੋਡ, ਸਰਹੰਦ, ਜਿਲਾ ਫਤਹਿਗੜ੍ਹ ਸਾਹਿਬ, ਟੈਲੀਫੋਨ 01763-20760

16. ਪਾਉਂਟਾ ਸਾਹਿਬ: ਭਾਈ ਪਰਮਜੀਤ ਸਿੰਘ ਜੀ, ਗੁਰੂ ਰਾਖਾ ਇੰਟਰਪ੍ਰਾਈਜ਼ਿਜ਼, ਪਾਉਂਟਾ ਸਾਹਿਬ ਹਿਮਾਚਲ ਪ੍ਰਦੇਸ਼ Tel. Shop 01704-22367, Resi.24067

17. ਬਟਾਲਾ 1. ਭਾਈ ਸੁਖਰਾਜ ਸਿੰਘ ਜੀ ਸਾਹਮਣੇ ਗੁਰੂ ਨਾਨਕ ਦੇਵ ਅਕੈਡਮੀ ਜਲੰਧਰ ਰੋਡ ਟੈਲੀ :46566
2. ਸ: ਹਰਭਜਨ ਸਿੰਘ, ਖਾਲਸਾ ਲਾਇਬਰੇਰੀ ਬਟਾਲਾ।

18. ਦਿੱਲੀ 1. ਗੁਰਪ੍ਰੀਤ ਸਿੰਘ 670 ਡਾਕਟਰ ਮੁਖਰਜੀ ਨਗਰ ਦਿੱਲੀ ਟੈਲੀ: 7654833
2. ਸ: ਨਰਿੰਦਰ ਜੀ ਸਿੰਘ (ਗਾਮਾ) H. No.58-C IInd floor St. No. 11 New Mahavir Nagar P.O. Tilak Nagar-New Delhi 110018 PH. Resi - 5155191 Office- 590097-5449276

19. ਇੰਗਲੈਂਡ: ਭਾਈ ਹਰਦੀਪ ਸਿੰਘ ਜੀ, 218, Wexhan Road, Slough Berks SL2 5JP.Tel: 01753-530624

20. ਅਮਰੀਕਾ: ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ ਫੋਨ : 18007226212

21. ਕੈਨੇਡਾ: ਭਾਈ ਰਿਪੁਦਮਨ ਸਿੰਘ ਮਲਿਕ, ਫੋਨ : 18006630224

22. ਆਸਟ੍ਰੇਲੀਆ: ਭਾਈ ਪਰਸ਼ੋਤਮ ਸਿੰਘ ਜੀ, ਫੋਨ : 0061-69634841

23. ਨਿਊਜ਼ੀਲੈਂਡ: ਭਾਈ ਮਹਿੰਦਰ ਸਿੰਘ ਜੀ, ਫੋਨ : 092702755



www.AKJ.Org

# ਆਉਣ ਵਾਲੇ ਕੀਰਤਨ ਸਮਾਗਮ

## ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਸਮੂਹ ਸ਼ਹੀਦਾ ਦੀ ਯਾਦ ਵਿਚ ਗੁਰਿਦੁਆਰਾ ਮੰਜੀ ਸਾਹਿਬ ਵਿਖੇ 5 ਅਗਸਤ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਦੁਪਹਿਰ ਤੱਕ ਕੀਰਤਨ ਅਖਾੜੇ ਸਜਣਗੇ। ਸ਼ਾਮ ਸੋਦਰ ਉਪਰੰਤ ਰੈਣਿ ਸਬਾਈ ਕੀਰਤਨ ਆਰੰਭ ਹੋਣਗੇ। ਆਇ ਦੀਦਾਰ ਬਖਸ਼ੋ ਜੀ। (ਅਖੰਡ ਕੀਰਤਨੀ ਜੱਥਾ ਅੰਬਾਲਾ)

ਪਿੰਡ ਰਾਮਗੜ੍ਹ (ਚੰਡੀਗੜ੍ਹ ਰੋਡ) ਲੁਧਿਆਣਾ ਵਿਖੇ ਮਾਸਿਕ ਰੈਣਿ ਸਬਾਈ ਕੀਰਤਨ 12 ਅਗਸਤ ਰਾਤ ਨੂੰ

## ਭੋਪਾਲ (ਮੱਧ ਪ੍ਰਦੇਸ਼) ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

14 ਅਗਸਤ ਸਵੇਰੇ 8 ਤੋਂ 9.30 ਤੱਕ ਕੀਰਤਨ ਅਤੇ ਸ਼ਾਮ 8 ਵਜੇ ਆਰੰਭ ਰੈਣ ਸਬਾਈ ਕੀਰਤਨ, ਗੁਰਦੁਆਰਾ ਗੋਬਿੰਦਪੁਰਾ B.H.E.L. ਭੋਪਾਲ ਵਿਖੇ ਆਇ ਦੀਦਾਰ ਬਖਸ਼ੋ ਜੀ। ( ਦਾਸਰੇ ਅਖੰਡ ਕੀਰਤਨੀ ਜੱਥਾ ਭੋਪਾਲ ਮੱਧਪ੍ਰਦੇਸ )

ਪਿੰਡ ਕੜਿਆਣਾ ਖੁਰਦ (ਰਾਹੋਂ ਰੋਡ) ਲੁਧਿਆਣਾ ਵਿਖੇ ਰੈਣਿ ਸਬਾਈ ਕੀਰਤਨ 19 ਅਗਸਤ ਰਾਤ ਨੂੰ

ਪਿੰਡ ਕੜਿਆਣਾ ਖੁਰਦ ਲੁਧਿਆਣੇ ਜੋਧੇਵਾਲ ਬਸਤੀ ਦੇ ਚੌਂਕ ਤੋਂ ਰਾਹੋਂ ਰੋਡ ਤੇ 10 ਕਿਲੋਮੀਟਰ ਦੂਰੀ ਤੇ ਹੈ ਸੰਗਤਾ ਨੂੰ ਲਿਜਾਣ ਲਈ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਉਨ ਲੁਧਿਆਣਾ ਤੋਂ ਸ਼ਾਮ 6 ਵਜੇ ਬੱਸ ਚਲੇਗੀ।

## ਗੁਰਦੁਆਰਾ ਬਿਬੇਕਸਰ ਸਾਹਿਬ ਅੰਮ੍ਰਿਤਸਰ ਸਾਹਿਬ ਵਿੱਖੇ ਮਾਸਿਕ ਰੈਣਿ ਸਬਾਈ-ਕੀਰਤਨ 26 ਅਗਸਤ ਰਾਤ ਨੂੰ।

## ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਦਾ ਸਾਲਾਨਾ ਕੀਰਤਨ ਸਮਾਗਮ ਬਟਾਲਾ ਵਿਖੇ।

ਬਟਾਲਾ ਵਿਖੇ ਗੁਰੂ ਨਾਨਕ ਸਾਹਿਬ ਦੇ ਵਿਆਹ ਪੁਰਬ ਵਿਆਹ ਪੁਰਬ ਤੇ ਗੁਰੂ ਨਾਨਕ ਦੇਵ ਅਕੈਡਮੀ ਜਲੰਧਰ ਰੋਡ ਬਟਾਲਾ ਵਿਖੇ 3 ਸਤੰਬਰ ਐਤਵਾਰ ਸਵੇਰੇ ਕੀਰਤਨ ਆਸਾ ਦੀ ਵਾਰ ਉਪਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ 5 ਸਤੰਬਰ ਮੰਗਲਵਾਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ਦੁਪਹਿਰ ਤੱਕ। ਸ਼ਾਮ ਸੋਦਰ ਉਪਰੰਤ ਆਰੰਭ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ। ਪੁਛਗਿਛ : ਭਾਈ ਸੋਹਨ ਸਿੰਘ ਜੀ ਟੈਲੀ: 01871 58249, ਭਾਈ ਸੁਖਰਾਜ ਸਿੰਘ ਜੀ ਟੈਲੀ: 01871-25341, ਭਾਈ ਗੋਪਾਲ ਸਿੰਘ ਜੀ ਟੈਲੀ : 01871 20000

## ਗੁਰਦੁਆਰਾ ਪਾਤਸ਼ਾਹੀ ਛੇਵੀਂ ਬਸਤੀ ਸ਼ੇਖ ਜਲੰਧਰ ਵਿਖੇ ਸਾਲਾਨਾ ਰੈਣਿ ਸਬਾਈ ਕੀਰਤਨ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਉਤਸਵ ਪੁਰਬ ਦੇ ਸਬੰਧ ਵਿਚ 16 ਸਤੰਬਰ ਰਾਤ ਗੁਰਦੁਆਰਾ ਬਸਤੀ ਸ਼ੇਖ ਵਿਖੇ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ। ਆਇ ਦੀਦਾਰ ਬਖਸ਼ੋ ਜੀ। ਪੁਛਗਿਛ :- 0181 253575

## ਸਤਿਗੁਰੂ ਜੀ ਅੱਗੇ ਜੋਦੜੀ

*ਜਿਵੇਂ ਕਿ ਪਿਛਲੇ ਮਹੀਨੇ ਤੇ ਅੰਕ ਵਿਚ ਅਖੰਡ ਕੀਰਤਨੀ ਜੱਥੇ ਵਿਚ ਪੈਦਾ ਹੋਏ ਵਿਵਾਦਾਂ ਦੇ ਸੁਲਝਾ ਲਈ ਜੱਥੇ ਦੀਆਂ ਸਮੂਹ ਹਿਤੈਸ਼ੀ ਸੰਗਤਾਂ ਨੂੰ 25 ਜੁਲਾਈ ਨੂੰ ਦੁਪਹਿਰੇ 2 ਵਜੇ ਪੰਜ ਪੰਜ ਚੌਪਈ ਸਾਹਿਬ ਦੇ ਪਾਠ ਕਰਕੇ ਸਤਿਗੁਰੂ ਜੀ ਅੱਗੇ, ਆਪਣੀਆਂ ਭੁੱਲਾਂ ਬਖਸ਼ਾ ਕੇ ਮੁੜ ਕੇ ਨਾਮ ਰੰਗਾਂ ਦੇ ਪ੍ਰੇਮ 'ਅਖਾੜੇ ਬਖਸ਼ਣ ਲਈ ਅਰਦਾਸ ਕਰਨ ਦੀ ਬੇਨਤੀ ਕੀਤੀ ਗਈ ਸੀ ਉਸੇ ਲੜੀ ਵਿਚ ਹੁਣ ਦੂਸਰਾ ਅਰਦਾਸ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਹਿਲੇ ਪ੍ਰਕਾਸ਼ ਦਿਵਸ ਵਾਲੇ ਦਿਨ 30 ਅਗਸਤ ਨੂੰ ਮਿੱਥਿਆ ਗਿਆ ਹੈ। ਸੋ ਸਮੂਹ ਸੰਗਤਾਂ ਪ੍ਰਤੀ ਬਿਨੈ ਹੈ ਕਿ ਆਪਣੇ ਹੋਰ ਸੱਜਣਾਂ ਮਿਤਰਾਂ ਜਿਨ੍ਹਾਂ ਨੂੰ ਨਾ ਪਤਾ ਹੋਵੇ ਸੁਨੇਹਾ ਪਹੁੰਚਾ ਕੇ 30 ਅਗਸਤ ਨੂੰ ਦੁਪਹਿਰੇ 2 ਵਜੇ ਅਰਦਾਸ ਦਿਵਸ ਵਜੋਂ ਮਨਾਓ ਤਾਂ ਕਿ ਸਤਿਗੁਰੂ ਜੀ ਦੀ ਕ੍ਰਿਪਾ ਦੁਆਰਾ ਮੁੜ ਕੇ ਪੁਰਾਣੇ ਕੀਰਤਨ ਅਖਾੜਿਆਂ ਵਰਗੇ ਰੰਗ ਮਾਣ ਸਕੀਏ।*

ਦਾਸਰੇ :- ਸੂਰਾ ਪਰਿਵਾਰ



www.AKJ.Org

# ਅੰਗ੍ਰੇਜ਼ੀ ਰਾਜ ਦੌਰਾਨ ਕਸ਼ਟ ਝੇਲਣ ਵਾਲੇ ਮਹਾਨ ਸਿੱਖ ਯੋਧੇ



ਮਹਾਨ ਇਨਕਲਾਬੀ ਬਾਬਾ ਵਿਸਾਖਾ ਸਿੰਘ ਜੀ



ਨਾਮ ਬਾਣੀ ਦੇ ਰਸੀਏ ਤੇ ਗੁਰਮਤਿ ਦੇ ਪ੍ਰਚਾਰਕ
ਭਾਈ ਰਣਧੀਰ ਸਿੰਘ ਜੀ ਜਿਨ੍ਹਾਂ ਨੇ ਕਈ ਵਰ੍ਹੇ
ਅੰਗਰੇਜ਼ਾਂ ਦੀ ਕੈਦ ਵਿਚ ਗੁਜ਼ਾਰੇ।




ਅਣਖੀਲੇ ਸੂਰਬੀਰ ਸ਼ਹੀਦ ਊਧਮ ਸਿੰਘ ਜੀ ਜਿਨ੍ਹਾਂ
ਨੇ ਜਨਰਲ ਓਡਵਾਇਰ ਵੱਲੋਂ 1919 ਵਿਚ ਜਲ੍ਹਿਆਂ
ਵਾਲੇ ਬਾਗ ਵਿਖੇ ਹਜ਼ਾਰਾਂ ਪੰਜਾਬੀਆਂ ਦੇ ਕਤਲੇਆਮ
ਦਾ ਬਦਲਾ ਇੰਗਲੈਂਡ ਜਾ ਕੇ ਲਿਆ।



ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਅੰਗਰੇਜ਼ ਰਾਜ ਦੀਆਂ
ਜੜ੍ਹਾਂ ਹਿਲਾਈਆਂ ਅਤੇ 19 ਸਾਲ ਦੀ ਛੋਟੀ ਉਮਰੇ
ਹੱਸ ਕੇ ਫਾਂਸੀ ਦਾ ਰੱਸਾ ਚੁੰਮਿਆਂ।

www.AKJ.Org

R.N.I. No. 12245/66 SURA-AUG-2000 P.O. Regd. No. PB/ 0195/2000



ਹਿੰਦੁਸਤਾਨ ਦੀ ਅਜ਼ਾਦੀ ਲਈ ਹੱਸ ਕੇ ਰੱਸਾ ਚੁੰਮਣ ਵਾਲੇ ਸ: ਕਰਤਾਰ ਸਿੰਘ ਜੀ ਸ਼ਹੀਦ ਜਿਨ੍ਹਾਂ ਨੇ ਆਖਰੀ ਦਿਨਾਂ ਵਿੱਚ
ਭਾਈ ਰਣਧੀਰ ਸਿੰਘ ਜੀ ਦੀ ਪ੍ਰੇਰਨਾ ਸਦਕਾ ਸਿੱਖੀ ਸਰੂਪ ਧਾਰਨ ਕਰ ਲਿਆ ਸੀ।

SURA (Monthly) Kothi No. 12, Block-1. BHAI RANDHIR SINGH NAGAR, LUDHIANA-141 004

www.AKJ.Org